PIZZA MART KENT
The Perfect Taste
ਇੰਡੀਅਨ ਸਟਾਈਲ ਅਦਰਕ ਧਨੀਏ ਵਾਲਾ ਕਰਾਰਾ ਪੀਜ਼ਾ
Phone:253-945-9030
ਅਸੀਂ ਹਫ਼ਤੇ ਦੇ 7 ਦਿਨ ਤੁਹਾਡੀ ਸੇਵਾ ਵਿਚ ਹਾਜ਼ਰ ਹਾਂ
Store Hours:11am to 2 am (7 Days a Week)
24618 MILITARY ROAD S KENT WA 98031 CALL OR ORDER ONLINE: pizzamartkent.com

ALL STAR DRIVING SCHOOL
$10.00 ਪੰਜਾਬੀ ਗਾਈਡ ਇਥੇ ਮਿਲਦੀ ਹੈ
ਬੀਬੀਆਂ ਅਤੇ ਭੈਣਾਂ ਲਈ ਲੇਡੀ ਇੰਸਟਰਕਟਰ
KNOWLEDGE & DRIVING TESTS DONE HERE
24620 MILITARY RD S, KENT, WA 98032
Ph: 253-852-1996
NA STATE APPROVED SINCE 2004 www.allstardrivingschool.info

KALER TAX AND ACCOUNT LLC
Harjinder S. Kaler 206.551.6666
Personal And Business Tax Filling, 1099, W2 Immigration, Passport, Visa And Petition, Business Start, Obama Health Care Broker And All Other Applications Services
10618 SE 240 ST, SUITE 204, KENT, WA 98031 kalertax@gmail.com
ਹਰਜਿੰਦਰ ਸਿੰਘ ਕਲੇਰ

ACCURATE ACCOUNTS AND TAXES
Contact For Business Accounting
Payroll
Tax Filling
Book Keeping
Other Paper Work
Immigration Consultancy
New Business Setup Services
MOHINDER S. SOHAL
Cell: 206-841-1431
Buss:253-520-8886
Email:mssohal@yahoo.com



ਕਨੇਡਾ ਅਤੇ ਅਮਰੀਕਾ ਵਿਚ ਸਭ ਤੋਂ ਵੱਧ ਪੜਿਆ ਜਾਣ ਵਾਲਾ ਹਰਮਨ ਪਿਆਰਾ ਪੰਜਾਬੀ ਹਫ਼ਤਾਵਾਰੀ ਅਖ਼ਬਾਰ

# ਪੰਜਾਬ ਗਾਰਡੀਅਨ

# PUNJAB GUARDIAN

ਆਓ ਪੰਜਾਬੀ ਮਾਂ ਬੋਲੀ ਦਾ ਮਾਣ ਵਧਾਈਏ

B.C Greater Vancouver, Fraser Valley, Victoria, Nanaimo Prince George, Kamloops, Kelowna, Oliver, Squamish
ALBERTA Edmonton Calgary
USA Greater Seattle, Everett, Marysville Portland, Bellingham, Belivue, Lyndon, Lynwood
sales@punjabguardian.com
www.punjabguardian.com

Tel: 604-590-5200 Fax:604-596-5700 Toll Free: 1-877-584-5200 Vol. 32, Issue No. 12, Ending Date:Mar 21, 2025



RESIDENTIAL & COMMERCIAL REAL ESTATE EXPERT
ਸਿਆਟਲ ਏਰੀਏ ਵਿੱਚ ਕਿਸੇ ਵੀ ਤਰਾਂ ਦਾ ਘਰ ਜਾਂ ਕਾਰੋਬਾਰ ਖਰੀਦਣ ਅਤੇ ਵੇਚਣ ਲਈ ਇਮਾਨਦਾਰ ਸੇਵਾਵਾਂ ਲੈਣ ਲਈ ਅੱਜ ਹੀ ਸੰਪਰਕ ਕਰੋ
253-604-8414
SANDEEP SINGH MANN
Realtor MLS, CBA.


## ਤਖ਼ਤ ਸਾਹਿਬਾਨ ਦੀ ਸਰਵਉੱਚਤਾ ਨੂੰ ਸਿਆਸਤਦਾਨ ਢਾਅ ਲਗਾ ਰਹੇ ਹਨ:ਪੰਜ ਪਿਆਰੇ

ਨਵੀਂ ਦਿੱਲੀ:ਸ਼੍ਰੋਮਣੀ ਕਮੇਟੀ ਵੱਲੋਂ ਬਰਖ਼ਾਸਤ ਕੀਤੇ ਗਏ ਪੰਜ ਪਿਆਰਿਆਂ ਨੇ ਕਿਹਾ ਕਿ ਪਿਛਲੇ ਲੰਮੇ ਸਮੇਂ ਤੋਂ ਅਕਾਲੀ ਸਿਆਸਤ ਆਪਣੇ ਨਿੱਜੀ ਹਿੱਤਾਂ ਦੀ ਪੂਰਤੀ ਲਈ ਤਖ਼ਤ ਸਾਹਿਬਾਨ ਅਤੇ ਜਥੇਦਾਰਾਂ ਤੇ ਭਾਰੂ ਹੈ ਜਿਸਦੇ ਕਾਰਨ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਸਰਵਉਚਤਾ ਨੂੰ ਢਾਅ ਲੱਗੀ ਹੈ। ਭਾਈ ਸਤਨਾਮ ਸਿੰਘ ਝੰਜੀਆ, ਭਾਈ ਸਤਨਾਮ ਸਿੰਘ ਖੰਡਾ, ਭਾਈ ਤਰਲੋਕ ਸਿੰਘ, ਭਾਈ ਮੇਜਰ ਸਿੰਘ ਅਤੇ ਭਾਈ ਸੁਖਵਿੰਦਰ ਸਿੰਘ ਨੇ ਮੌਜੂਦਾ ਪੰਥਕ ਹਾਲਾਤਾਂ ਦਾ ਮੰਥਨ ਕਰਨ ਉਪਰੰਤ ਦੋਸ਼ ਲਗਾਇਆ ਕਿ ਇਕ (ਬਾਕੀ ਸਫਾ ਏ18 ਤੇ)

## ਮਾਰਕ ਕਾਰਨੀ 14 ਮਾਰਚ ਨੂੰ ਲੈਣਗੇ ਕਨੇਡਾ ਦੇ ਨਵੇਂ ਪ੍ਰਧਾਨ ਮੰਤਰੀ ਵਜੋਂ ਹਲਫ਼



ਵੈਨਕੂਵਰ:ਲਿਬਰਲ ਪਾਰਟੀ ਨੇ ਨਵੇਂ ਆਗੂ ਮਾਰਕ ਕਾਰਨੀ 14 ਮਾਰਚ ਦਿਨ ਸ਼ੁੱਕਰਵਾਰ ਨੂੰ ਸਥਾਨਕ ਸਮੇਂ ਮੁਤਾਬਕ ਸਵੇਰੇ 11 ਵਜੇ ਕੈਨੇਡਾ ਦੇ 24ਵੇਂ ਪ੍ਰਧਾਨ ਮੰਤਰੀ ਵਜੋਂ ਸਹੁੰ ਚੁੱਕਣਗੇ। ਹਲਫ਼ਦਾਰੀ ਸਮਾਗਮ ਰਿਡਿਊ ਹਾਲ ਸਥਿਤ ਦੇਸ਼ ਦੀ ਗਵਰਨਰ ਜਨਰਲ ਮੈਰੀ ਸਾਈਮਨ ਦੇ ਗ੍ਰਹਿ ਵਿਖੇ ਹੋਵੇਗਾ। ਇਸ ਮੌਕੇ ਕਾਰਨੀ ਕੈਬਨਿਟ ਦੇ ਬਾਕੀ ਮੰਤਰੀ ਵੀ ਹਲਫ਼ ਲੈਣਗੇ। ਇਸ ਤੋਂ ਪਹਿਲਾਂ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਗਵਰਨਰ ਜਨਰਲ ਹਾਊਸ ਪਹੁੰਚ ਕੇ ਰਸਮੀ ਤੌਰ ’ਤੇ (ਬਾਕੀ ਸਫਾ ਏ04 ਤੇ)

## ਕੂੜ ਨਿਖੁਟੇ ਨਾਨਕਾ ਓੜਕ ਸੱਚ ਰਹੀ



ਸਿੱਖ ਪੰਥ ਵਿੱਚ ਵਾਪਰ ਰਹੀਆਂ ਨਿਤਾ ਪ੍ਰਤ ਘਟਨਾਵਾਂ ਤੋਂ ਹਰ ਸਿੱਖ ਦਾ ਹਿਰਦਾ ਬਹੁਤ ਦੁਖੀ ਹੋ ਰਿਹਾ ਹੈ, ਉਹ ਲੋਕ ਜੋ ਇਹਨਾਂ ਸੰਸਥਾਵਾਂ ਤੇ ਕਾਬਜ ਨੇ ਅੱਜ ਉਹੀ ਇਹਨਾਂ ਸੰਸਥਾਵਾਂ ਦਾ ਆਦਰ ਅਤੇ ਮਾਣ ਸਤਿਕਾਰ ਮਿੱਟੀ ‘ਚ ਮਿਲਾ ਰਹੇ ਨੇ ਇਹ ਸਿਰਫ ਤੇ ਸਿਰਫ ਆਪਣੀਆਂ ਚੌਧਰਾਂ ਦੀ ਖਾਤਰ ਅਤੇ ਇੱਕ ਪਰਿਵਾਰ ਵਾਸਤੇ ਗੁਰੂ ਸਿਧਾਂਤਾਂ ਨੂੰ ਖਤਮ ਕਰ ਰਹੇ ਨੇ। 2 ਦਸੰਬਰ ਦੇ ਹੁਕਮਨਾਮੇ ਤੋਂ ਬਾਅਦ ਜਦੋਂ ਇਹਨਾਂ ਨੂੰ ਆਪਣੀ ਕੁਰਸੀ ਖਿਸਕਦੀ ਨਜ਼ਰ ਆਈ ਤਾਂ ਫਿਰ ਇਹਨਾਂ ਨੇ ਵਿਉਂਤ ਬੰਦੀਆਂ ਘੜਨੀਆਂ ਸ਼ੁਰੂ ਕਰ ਦਿੱਤੀਆਂ, ਇਨ੍ਹਾਂ ਚੰਦ ਲੋਕਾਂ ਨੇ ਸ੍ਰੀ ਅਕਾਲ ਤਖਤ ਸਾਹਿਬ ਜੀ (ਬਾਕੀ ਸਫਾ ਏ15 ਤੇ)


Real Estate in Seattle Area
ਸਿਆਟਲ ਏਰੀਏ ‘ਚ ਘਰ ਅਤੇ ਬਿਜ਼ਨਸ ਲੈਣ ਲਈ ਅੱਜ ਹੀ ਸੰਪਰਕ ਕਰੋ
Residential & Commercial
• Multifamily Units & Apartments
• Notary Service
For Honest, Friendly & Best Service, Call
Sarbjit Singh Saab
Realtor (MLS, CBA)
Ph: 206.255.0101
ਅਸੀਂ ਵਧੀਆ Interest Rate ਅਤੇ ਘੱਟ ਤੋਂ ਘੱਟ Closing Cost ਦੀ ਗਾਰੰਟੀ ਦਿੰਦੇ ਹਾਂ।

HOME TRUST FINANCIAL
NMLS#2081225
ਤੁਸੀਂ ਘਰ ਖਰੀਦ, ਵੇਚ, ਰੀਫਾਇਨੈਂਸ ਜਾਂ ਆਪਣੇ ਸੁਪਨਿਆਂ ਦਾ ਨਵਾਂ ਘਰ ਬਣਾ ਰਹੇ ਹੋ ਤਾਂ ਅਸੀਂ ਲੋਨ ਜਾਂ ਮੌਰਗੇਜ ਲੈਣ ਲਈ ਭਰੋਸੇਯੋਗ ਸੇਵਾਵਾਂ ਦਿੰਦੇ ਹਾਂ
HOME TRUST
Cell:206-391-2630
Email:harmandeep.grover@hometrustloans.com
Web:www.hometrustloans.com
#215-3rd Ave, Kirkland, WA 98033
Harmandeep Grover
Mortgage Loan Originator

ਸਿਆਟਲ ਨਿਵਾਸੀਆਂ ਦਾ ਜਾਣਿਆਂ ਪਹਿਚਾਣਿਆਂ ਤੇ ਭਰੋਸੇਮੰਦ
USA TRAVEL
24 Hr Emergency Call 206-992-2724
23609 104th Ave SE #103, Kent
Ph: 253-867-0450, 253-867-0451
1729 208th St Suite #202, Bothell
Ph: 425-420-1888 , 425-420-1889

Over 30 Years of Industry Experience
MULTANI LAW GROUP
ਆਪਣੀ ਪ੍ਰੇਸ਼ਾਨੀ ਨੂੰ ਘਟਾਉਣ, ਆਪਣਾ ਹੱਕ ਲੈਣ ਅਤੇ ਆਪਣੀ ਜ਼ਿੰਦਗੀ ਨੂੰ ਸਹੀ ਰਸਤੇ ਤੇ ਲਿਆਉਣ ਲਈ ਸਾਡੇ ਨਾਲ ਸੰਪਰਕ ਕਰੋ
Jashan Multani 206-243-4219
Gerald F. Robison Senior Attorney
Jashan Multani Associate Partner
Services we provide: / ਅਸੀਂ ਇਹ ਸੇਵਾਵਾਂ ਪ੍ਰਦਾਨ ਕਰਦੇ ਹਾਂ
-Immigration/Political Asylum U-Visa, Vawa / –ਇੰਮੀਗਰੇਸ਼ਨ/ਪੁਲਿਟੀਕਲ ਅਸਾਈਲਮ, ਯੂ–ਵੀਜਾ, ਵਾਅਵਾ
-SIJ Guardianship Cases / –SIJ ਗਾਰਡੀਅਨਸ਼ਿਪ ਕੇਸ
- Personal Injury/Car Accidents / –ਕਾਰ ਐਕਸੀਡੈਂਟ/ਪ੍ਰਸਨਲ ਇਨਜਰੀ
- Evictions / –ਕਿਰਾਏਦਾਰ ਕੱਢਣਾ
Website:multanilawgroup.com
Email:Jashan@multanilawgroup.com
Add: 512 West Meeker St, Kent, WA 98032

ਸਿਆਟਲ ਵਿਚ ਲਿਨਵੁਡ, ਐਵਰਟ, ਕੈਂਟ, ਮੈਰੀਸਵੈਲ, ਬੈਲੇਵਿਊ, ਰੈਡਮੰਡ, ਰੈਂਟਨ, ਪਿਆਲਪ ਦੇ ਇਲਾਕੇ ਵਿੱਚ ਰੀਅਲ ਅਸਟੇਟ ਦੀਆਂ ਸੇਵਾਵਾਂ ਪ੍ਰਦਾਨ ਕਰਦੇ ਹਾਂ।
JASMEEN KAUR
C: 425-299-2284
Bus: 425-602-4150
jasmeenkaur@cbbain.com
COLDWELL BANKER BAIN
8525 -120TH Ave. NE, #100,Kirkland, WA 98033
JASMEEN KAUR

John L. Scott Real Estate
Kamaljit Singh
Real Estate Broker
* Residential * Commercial
* Bank Owned / Foreclosed
* Short Sale / Pre-Foreclosure
206-802-5699
ਕਿਸੇ ਵੀ ਤਰ੍ਹਾਂ ਦੀ ਰੈਜੀਡੈਂਸ਼ੀਅਲ/ਕਮਰਸ਼ੀਅਲ ਪ੍ਰਾਪਰਟੀ ਖਰੀਦਣ ਅਤੇ ਵੇਚਣ ਲਈ ਫੋਨ ਕਰੋ
Email:ksingh@johnlscott.com www.ksingh.johnlscott.com
Kent North Office:20829-72nd Ave S, Ste800 Kent, WA 98032

ਖੁਸ਼ਖਬਰੀ! ਖੁਸ਼ਖਬਰੀ! ਖੁਸ਼ਖਬਰੀ! ਅੱਜ ਹੀ ਇਕ ਵਾਰ ਫੋਨ ਕਰੋ ਤੇ ਸਾਰੀ ਜਾਣਕਾਰੀ ਲਓ
ਤੁਹਾਡਾ ਘਰ ਲੈਣ ਦਾ ਜਾਂ ਬਿਜਨੈੱਸ ਲੈਣ ਦਾ ਸੁਪਨਾ ਅਸੀਂ ਪੂਰਾ ਕਰਾਂਗੇ
ਘਰ ਖਰੀਦਣ ਜਾਂ ਵੇਚਣ ਲਈ ਸੰਪਰਕ ਕਰੋ:
FIVE RIVERS REAL ESTATE
Cell : (206) 849-3797
1201 Monster Rd SW STE 330, Renton WA 98057 mp@fiveriversre.com
MP Singh

ਖੁਸ਼ਖਬਰੀ! ਖੁਸ਼ਖਬਰੀ! ਖੁਸ਼ਖਬਰੀ!
ਅੱਜ ਹੀ ਇਕ ਵਾਰ ਫੋਨ ਕਰੋ ਤੇ ਸਾਰੀ ਜਾਣਕਾਰੀ ਲਓ
ਤੁਹਾਡਾ ਘਰ ਲੈਣ ਦਾ ਜਾਂ ਬਿਜਨੈੱਸ ਲੈਣ ਦਾ ਸੁਪਨਾ ਅਸੀਂ ਪੂਰਾ ਕਰਾਂਗੇ
ਘਰ ਖਰੀਦਣ ਜਾਂ ਵੇਚਣ ਲਈ ਸੰਪਰਕ ਕਰੋ :
Berkshire Hathaway HOME SERVICES
Cell:206-446-9366
Office:253-854-9400
Northwest Real Estate
25230 104th Ave. S.E. Kent, WA 98030
eFax : 253-480-3448
Gagan@BHHSNWRE.com
GaganDeep.BGGSNWRE.com
ਗਗਨ ਚੌਹਾਨ

REAL ESTATE
ਕਿਸੇ ਵੀ ਤਰਾਂ ਦੀ ਰੈਜੀਡੈਂਸ਼ੀਅਲ ਜਾਂ ਕਮਰਸ਼ੀਅਲ ਪ੍ਰਾਪਰਟੀ ਖਰੀਦਣ ਜਾਂ ਵੇਚਣ ਲਈ ਸੰਪਰਕ ਕਰੋ।
For Residential/Commercial
• Short Sale • Foreclosed • Bank owned
• Hotels/Motels • Gas Stations • Vacant Lands
Sakater Singh Sandhu
MCNE, CBA, MLS
Master Certified Negotiation Expert - top 1%
Cell: 206-766-0551
BERKSHIRE HATHAWAY HomeServices
email: sakatersingh@yahoo.com

PAWAR LAW, LLC
• BUSINESS LAW • REAL ESTATE LAW
• NOTARY PUBLIC • IMMIGRATION LAW
ਕਨੂੰਨੀ ਸਲਾਹ ਲਈ ਸੰਪਰਕ ਕਰੋ
Services in: English, ਪੰਜਾਬੀ & हिंदी
Karandeep Singh Pawar
Attorney at Law
kpawar.law@gmail.com
425-276-5070
15 SOUTH GRADY WAY, SUITE 408, RENTON, WA 98057 (EVERGREEN BUILDING)

FOREVER ROOFING
Licensed,Bonded & Insured
(FOREVRH874MJ)
PAWANDEEP JOSAN
Marketing Manager
Free Estimate
2062613683
Check us on
Forever Roofing
Web:Foreverroofing.net
Email:info@foreverroofing.net

Good's Insurance Agency
Serving the Transportation Industry
Trusted Truck Insurance Agency Since 1949
*Truck Insurance *Trucking Compliance
*IFTA's/IRP Management/Temp Permits
*Yearly Audits W/ FMCSA
*New Trucking Company Formation
*Creating & Maintaining Driver Qualification Files
*Bookkeeping
*Notary Services & Many More!
ਅਸੀਂ ਟਰੱਕਾਂ ਦੀ ਇੰਸ਼ੋਰੈਂਸ ਕਰਦੇ ਹਾਂ
YOUR TRANSPORTATION INSURANCE SPECIALIST
Call me today for more info:
(Sunny) Karmjit Bahia
1-360-502-7034
Email:sunny.bahia@gia.email

LIFE INSURANCE | RETIREMENT PLANNING
Ø Life Insurance
Ø 529 College Saving Plan*
Ø IRA/401K Planning*
Ø Mortgage Protection
Ø Business Planning
Ø Estate Conservation
Ø Disability Insurance
Harpreet Parmar
Financial Services Professional
CA Insurance License # 0L12613
New York Life Insurance Company
15238 SE 272nd St Kent, WA 98042
Cell: 253-880-9968
www.harpreetparmar.com hparmar@ft.newyorklife.com
Registered Representative offering securities through NYLIFE Securities LLC (member FINRA/SIPC), A Licensed Insurance Agency and a New York Life Company

BALBIR SINGH NIJJAR
Senior Loan Originator
ਮੌਰਗੇਜ਼ ਦੇ ਵਧੀਆ ਰੇਟ ਅਤੇ ਇਮਾਨਦਾਰ ਸਰਵਿਸ
RESIDENTIAL or COMMERCIAL LOANS
206-650-3700
13401-NE Bel Red Road, Suite B4, Bellevue, WA 98005
Bsingh@wisemfg.com www.wizemtg.com
Balbir Singh

PRIME LEGAL
We provide Legal Services in the following areas:
*Real Estate Transactions-Buy & Sell Contracts, Leases
*Business-Formation and Contracts *Estate Planning-Will & Trust
ਭਰੋਸੇਯੋਗ ਕਾਨੂੰਨੀ ਸਲਾਹ ਮਸ਼ਵਰੇ ਲਈ ਸੰਪਰਕ ਕਰੋ
Ph:206-703-2412
Website:www.lawpls.com Email:info@lawpls.com
16400 Southcenter Pkwy Suite 205 Tukwilla, WA 98188
Chanvir Singh (CJ)
Attorney At Law

Reshmi's Group

ETHINIC FOOD DISTRIBUTOR

Haldiram's

# Fresh Frozen Vegetables




*Cut Okra* (312g & 908g)

*Whole Okra* (312g & 908g)

*DrumSticks* (312g & 908g)

*Bitter Gourd* (312g & 908g)

*Spinach Cubes* (312g)




*Coconut Grated* (312g)

*Coconut Shredded* (312g)

*Ivy Gourd* (312g & 908g)

*Limba Beans* (312g)

*Methi Cubes* (312g)




*Pigeon Peas* (312g & 908g)

*Hyacinth Beans* (312g)

*Green Chilli* (312g)

*Mix Vegetables* (312g & 908g)

*"Frozen Fresh, Naturally Best – IQF Veggies Now Available!"*

NEW ITEM

BUY NOW

**For Wholesale Order at :**

**1120 Andover Park E,Tukwila, WA 98188,T: (206) 575-0050,**

**E: sales@reshmisgroup.com.**



DIAMONDS!

Diamond Necklace
Wedding Sets
and
Wedding Rings

50% off

Come see our collection

ਡਾਇਮੰਡਜ !

ਅਸੀਂ ਹਣ ਡਾਇਮੰਡ ਨੈਕ੍ਲੇਸ, ਵਿਆਹ ਦੇ ਸੈੱਟ
ਅਤੇ ਵਿਆਹ ਲਈ ਅੰਗੂਠੀਆਂ ਵੀ ਰੱਖਦੇ ਹਾਂ

50% off

ਆ ਕੇ ਕੁਲੈਕਸ਼ਨ ਦੇਖੋ

Season Special!

Visit our store for special pricing when buying
50 grams or more of 22k Gold Jewelry!

ਸੀਜਨ ਸਪੈਸ਼ਲ !

ਜਦੋਂ ਤੁਸੀਂ 50 ਗਰਾਮ ਜਾਂ ਇਸ ਤੋਂ ਜ਼ਿਆਦਾ 22 ਕੈਰੇਟ ਦੇ ਸੋਨੇ ਦੇ ਗਹਿਣੇ ਖਰੀਦਦੇ ਹੋ
ਤਾਂ ਸਪੈਸ਼ਲ ਕੀਮਤਾਂ ਲਈ ਸਾਡੇ ਸਟੋਰੇ ਤੇ ਆਉ।

CASH FOR GOLD

ਸੋਨੇ ਬਦਲੇ ਡਾਲਰ ਲਉ

ਸਾਡੀਆਂ ਕੀਮਤਾਂ ਬਹੁਤ ਘੱਟ ਹਨ

TAJ JEWELERS

UNIQUELY DESIGNED 22KT GOLD JEWELRY

WE SELL FOR LESS

ਤਾਜ਼ ਜਿਊਲਰਜ਼

TRADE YOUR OLD GOLD FOR NEW JEWELRY

ਆਪਣੇ ਪੁਰਾਣੇ ਗਹਿਣਿਆਂ ਬਦਲੇ ਨਵੇਂ ਫੈਸ਼ਨ ਦੇ ਗਹਿਣੇ ਲਉ

22 ਕੈਰੇਟ ਸੋਨੇ ਦੀ ਜਿਊਲਰੀ ਦੇ ਨਵੇਂ ਨਵੇਂ ਡਿਜ਼ਾਈਨ

Ph:253-981-3071

10120 SE 260th St. Suite 110, Kent, WA 98030

Open: 7 Days Tuesday to Sunday 11am to 7pm, Mon 11am to 6pm
ਅਸੀਂ ਹਫਤੇ ਦੇ ਸੱਤੇ ਦਿਨ ਖੁੱਲਦੇ ਹਾਂ
ਮੰਗਲਵਾਰ ਤੋਂ ਐਤਵਾਰ ਸਵੇਰ 11ਵਜੇ ਤੋਂ ਸ਼ਾਮ 7 ਵਜੇ ਤੱਕ, ਸੋਮਵਾਰ ਸਵੇਰ 11 ਤੋਂ ਸ਼ਾਮ 6 ਵਜੇ ਤੱਕ

## (ਮੁੱਖ ਪੰਨੇ ਦੀ ਬਾਕੀ)

ਆਪਣਾ ਅਸਤੀਫਾ ਦੇਣਗੇ। ਖ਼ਬਰ ਲਿਖੇ ਜਾਣ ਤੱਕ ਨਵੀਂ ਕੈਬਨਿਟ ਵਿਚ ਮੰਤਰੀਆਂ ਦੇ ਨਾਵਾਂ ਨੂੰ ਲੈ ਕੇ ਭੇਤ ਬਰਕਰਾਰ ਸੀ। ਉਂਝ ਮੁੱਢਲੇ ਸੰਕੇਤਾਂ ਅਨੁਸਾਰ ਨਵਾਂ ਮੰਤਰੀ ਮੰਡਲ ਮੌਜੂਦਾ (36 ਮੈਂਬਰੀ) ਤੋਂ ਕਾਫੀ ਛੋਟਾ ਹੋਵੇਗਾ। ਹਾਲਾਂਕਿ ਅਜਿਹੇ ਕਿਆਸ ਹਨ ਕਿ ਮੌਜੂਦਾ ਮੰਤਰੀਆਂ ’ਚੋਂ ਸਿਰਫ ਉਹੀ ਮੁੜ ਸ਼ਾਮਲ ਕੀਤੇ ਜਾਣਗੇ ਜਿਨ੍ਹਾਂ ਦੀ ਕਾਰਗੁਜ਼ਾਰੀ ਨੂੰ ਲੋਕਾਂ ਨੇ ਵਡਿਆਇਆ ਹੈ।ਚੇਤੇ ਰਹੇ ਕਿ ਜਸਟਿਨ ਟਰੂਡੋ ਵੱਲੋਂ 6 ਜਨਵਰੀ ਨੂੰ ਪਾਰਟੀ ਆਗੂ ਵਜੋਂ ਅਸਤੀਫਾ ਦੇਣ ਤੋਂ ਪਹਿਲਾਂ ਹੀ ਗਵਰਨਰ ਜਨਰਲ ਨੇ ਸੰਸਦ ਦਾ ਬਹਾਰ ਰੁੱਤ ਇਜਲਾਸ 24 ਮਾਰਚ ਤੱਕ ਮੁਲਤਵੀ ਕਰ ਦਿੱਤਾ ਸੀ। ਘੱਟਗਿਣਤੀ ਲਿਬਰਲ ਸਰਕਾਰ ਨੂੰ ਹਾਲਾਂਕਿ ਉਦੋਂ ਤੱਕ ਕੋਈ ਖਤਰਾ ਨਹੀਂ, ਪਰ ਸੂਤਰਾਂ ਦਾ ਮੰਨਣਾ ਹੈ ਕਿ ਨਵੇਂ ਪ੍ਰਧਾਨ ਮੰਤਰੀ ਉਸ ਤੋਂ ਪਹਿਲਾਂ ਹੀ ਸੰਸਦ ਭੰਗ ਕਰਕੇ ਮੱਧਕਾਲੀ ਚੋਣਾਂ ਦਾ ਐਲਾਨ ਕਰ ਸਕਦੇ ਹਨ।ਜਸਟਿਨ ਟਰੂਡੋ ਵਲੋਂ ਪਾਰਟੀ ਲੀਡਰ ਵਜੋਂ ਅਸਤੀਫੇ ਤੋਂ ਪਹਿਲਾਂ ਮੁੱਖ ਵਿਰੋਧੀ ਪਾਰਟੀ ਆਗੂ ਵਲੋਂ ਮੱਧਕਾਲੀ ਚੋਣਾਂ ਲਈ ਕਾਫੀ ਜ਼ੋਰ ਲਾਇਆ ਜਾ ਰਿਹਾ ਸੀ, ਪਰ ਅਮਰੀਕਨ ਟੈਰਿਫ ਮਾਮਲੇ ਤੋਂ ਬਾਅਦ ਕੈਨੇਡਾ ਦੇ ਸਿਆਸੀ ਮਾਹੌਲ ਵਿੱਚ ਆਏ ਬਦਲਾਅ ਕਾਰਨ ਉਹੀ ਪਾਰਟੀ ਅੰਦਰਖਾਤੇ ਜਲਦੀ ਚੋਣਾਂ ਤੋਂ ਪਾਸਾ ਵੱਟਦੀ ਲੱਗਦੀ ਹੈ।

# ਸੁਨੀਤਾ ਵਿਲੀਅਮਜ਼ ਅਤੇ ਬੁੱਚ ਵਿਲਮੋਰ ਦੀ ਪੁਲਾੜ ਤੋਂ ਵਾਪਸੀ ਮੁਲਤਵੀ

ਅੰਤਰਰਾਸ਼ਟਰੀ ਪੁਲਾੜ ਸਟੇਸ਼ਨ ਤੋਂ ਭਾਰਤੀ ਮੂਲ ਦੇ ਅਮਰੀਕੀ ਪੁਲਾੜ ਯਾਤਰੀਆਂ ਸੁਨੀਤਾ ਵਿਲੀਅਮਜ਼ ਅਤੇ ਬੁਚ ਵਿਲਮੋਰ ਦੀ ਵਾਪਸੀ ਮੁਲਤਵੀ ਕਰ ਦਿੱਤੀ ਗਈ ਹੈ। ਨਾਸਾ ਨੇ ਮਿਸ਼ਨ ਕਰੂ-10 ਨੂੰ ਮੁਲਤਵੀ ਕਰ ਦਿੱਤਾ ਹੈ ਜੋ ਉਨ੍ਹਾਂ ਨੂੰ ਲੈਣ ਜਾ ਰਿਹਾ ਸੀ। ਇਸ ਮਿਸ਼ਨ 12 ਮਾਰਚ ਨੂੰ ਸਪੇਸਐਕਸ ਦੇ ਰਾਕੇਟ ਫਾਲਕਨ 9 ਤੋਂ ਲਾਂਚ ਕੀਤਾ ਜਾਣਾ ਸੀ।ਹਾਲਾਂਕਿ, ਰਾਕੇਟ ਦੀ ਗਰਾਊਂਡ ਸਪੋਰਟ ਕਲੈਂਪ ਆਰਮ ਵਿੱਚ ਹਾਈਡ੍ਰੌਲਿਕ ਸਿਸਟਮ ਵਿੱਚ ਖ਼ਰਾਬੀ ਕਾਰਨ ਇਸ ਮਿਸ਼ਨ ਨੂੰ ਮੁਲਤਵੀ ਕਰ ਦਿੱਤਾ ਗਿਆ ਹੈ। ਬੁਚ ਵਿਲਮੋਰ ਅਤੇ ਸੁਨੀਤਾ ਵਿਲੀਅਮਜ਼ ਪਿਛਲੇ ਨੌਂ ਮਹੀਨਿਆਂ ਤੋਂ ਆਈਐਸਐਸ ‘ਤੇ ਫਸੇ ਹੋਏ ਹਨ।ਉਹ ਜੂਨ 2024 ਵਿੱਚ ਉੱਥੇ ਪਹੁੰਚੇ ਸਨ। ਉਨ੍ਹਾਂ ਨੇ ਉੱਥੇ ਸਿਰਫ਼ ਇੱਕ ਹਫ਼ਤਾ ਹੀ ਰਹਿਣਾ ਸੀ।ਇਹ ਦੋਵੇਂ ਪੁਲਾੜ ਯਾਤਰੀ ਬੋਇੰਗ ਦੇ ਸਟਾਰਲਾਈਨਰ ਪੁਲਾੜ ਯਾਨ ਰਾਹੀਂ ਆਈ.ਐਸ.ਐਸ. ਪਹੁੰਚੇ ਸਨ। ਇਹ ਪੁਲਾੜ ਯਾਨ ਸਤੰਬਰ ‘ਚ ਬਿਨਾਂ ਕਿਸੇ ਚਾਲਕ ਦਲ ਦੇ ਧਰਤੀ ‘ਤੇ ਪਰਤਿਆ ਸੀ।


TUKWILA DENTAL CENTER

NEW PATIENTS & EMERGENCIES WELCOME
GENERAL DENTISTRY FOR ALL AGES

*A Caring Team for You & Your Family*
Most Crowns and Bridges are made same day with our CAD/CAM System

- General Dentistry
- Bridges
- Fillings
- Dentures
- Dental Implants
- Crowns
- Cosmetic Dentistry
- Sealants
- Treatment of Gum Disease
- Oral Surgery
- Root Canals



HARCHAND SINGH DDS PS, SARAA ABDULATEEF DDS MS, ABRAAM ABRAMOV LD, MUKTA SINGH DDS, TANVEER S BUTTAR DDS

| Hours : | | |
|---|---|---|
| | Monday | 9AM - 6PM |
| | Tuesday | 9AM - 6PM |
| | Wednesday | 9AM - 6PM |
| | Thursday | 9AM - 6PM |
| | Friday | 8AM - 4PM |

*(Fellow & Master Academy of General Dentistry)*

DENTAL LAB ON PREMISES

13955 Interurban Ave So, Tukwila, WA 98168
www.tukwiladentalcenter.com Email: tukwiladentalcenter@comcast.net
Ph: 206-431-0953, 206-241-0454, Fax: 206-439-6860



CJ Singh
Broker License # 24012019

206-295-5993
Cjs@realtorcjs.com

HOMESMART ONE REALTY



Charanjit Singh Seattle

ਜੇਕਰ ਤੁਸੀਂ ਬਿਜਨਸ ਅਤੇ ਆਪਣੇ ਸੁਪਨਿਆਂ ਦਾ ਘਰ ਖਰੀਦਣਾ ਚਹੁੰਦੇ ਹੋ ਤਾਂ ਸਾਨੂੰ ਇੱਕ ਕਾਲ ਕਰੋ ਅਤੇ ਤੁਸੀਂ ਸਾਡੇ ਉਪਰ 100% ਭਰੋਸਾ ਕਰ ਸਕਦੇ ਹੋ।

HomeSmart One Realty
16329 Cascadian Way
Bothell, WA 98012
Each brokerage independently owned and operated



Complete Dental Care

New & Emergency Patients Welcome

- Family & Cosmetic Dentistry
- Root Canals, Wisdom Teeth Removal, Metal-free Restorations
- Bleeching, Veneer, Bonding
- Preventive & Pediatric Dentistry




ਹਰ ਤਰਾਂ ਦੇ ਦੰਦਾਂ ਦਾ ਇਲਾਜ਼ ਕਰਵਾਉਣ ਲਈ ਸੰਪਰਕ ਕਰੋ

Dr. Manpreet Dhaliwal
Dr. Navdeep Dhaliwal
Dr. Donald Hainer

Complete DENTAL CARE

Ph: 253-854-2714
SUITE #1, 10725 SE 256TH ST, KENT, WA

# ਗੈਰ-ਕਾਨੂੰਨੀ ਪ੍ਰਵਾਸੀਆਂ ਨੂੰ ਲੈ ਕੇ ਅਮਰੀਕੀ ਰਾਸ਼ਟਰਪਤੀ ਟਰੰਪ ਵੱਲੋਂ ਨਵਾਂ ਐਲਾਨ

ਅਮਰੀਕਾ: ਟਰੰਪ ਪ੍ਰਸ਼ਾਸਨ ਨੇ CBP ਹੋਮ ਮੋਬਾਈਲ ਐਪਲੀਕੇਸ਼ਨ ਵਿੱਚ ਇੱਕ ਨਵੀਂ ਵਿਸ਼ੇਸ਼ਤਾ ਪੇਸ਼ ਕੀਤੀ ਹੈ, ਜਿਸ ਨਾਲ ਗੈਰ-ਦਸਤਾਵੇਜ਼ੀ ਪ੍ਰਵਾਸੀਆਂ ਨੂੰ ਸਵੈ-ਇੱਛਾ ਨਾਲ ਸੰਯੁਕਤ ਰਾਜ ਛੱਡਣ ਦੇ ਯੋਗ ਬਣਾਇਆ ਗਿਆ ਹੈ। ਇਸ ਪਹਿਲ ਦਾ ਉਦੇਸ਼ ਸਰਹੱਦੀ ਸੁਰੱਖਿਆ ਨੂੰ ਵਧਾਉਣਾ ਅਤੇ ਇਮੀਗ੍ਰੇਸ਼ਨ ਲਾਗੂਕਰਨ ਨੂੰ ਸੁਚਾਰੂ ਬਣਾਉਣਾ ਹੈ।

ਹਾਲਾਂਕਿ, ਕਾਨੂੰਨੀ ਮਾਹਰ ਸਾਵਧਾਨੀ ਵਰਤਣ ਦੀ ਸਲਾਹ ਦਿੰਦੇ ਹਨ। ਉਹ ਸਿਫਾਰਸ਼ ਕਰਦੇ ਹਨ ਕਿ ਵਿਅਕਤੀ ਐਪ ਦੀ ਵਰਤੋਂ ਕਰਨ ਤੋਂ ਪਹਿਲਾਂ ਕਾਨੂੰਨੀ ਸਲਾਹ ਲੈਣ, ਕਿਉਂਕਿ "ਸਵੈ-ਦੇਸ਼ ਨਿਕਾਲੇ" ਸ਼ਬਦ ਦੀ ਅਮਰੀਕੀ ਇਮੀਗ੍ਰੇਸ਼ਨ ਕਾਨੂੰਨ ਵਿੱਚ ਸਪੱਸ਼ਟ ਪਰਿਭਾਸ਼ਾ ਦੀ ਘਾਟ ਹੈ, ਅਤੇ ਸੰਭਾਵੀ ਕਾਨੂੰਨੀ ਪ੍ਰਭਾਵ ਅਨਿਸ਼ਚਿਤ ਰਹਿੰਦੇ ਹਨ।

ਇਹ ਵਿਕਾਸ ਕਾਰਜਕਾਰੀ ਆਦੇਸ਼ 14159 ਦੇ ਤਹਿਤ ਇੱਕ ਵਿਆਪਕ ਇਮੀਗ੍ਰੇਸ਼ਨ ਰਣਨੀਤੀ ਦਾ ਹਿੱਸਾ ਹੈ, ਜਿਸਦਾ ਸਿਰਲੇਖ "ਹਮਲੇ ਵਿਰੁੱਧ ਅਮਰੀਕੀ ਲੋਕਾਂ ਦੀ ਰੱਖਿਆ ਕਰਨਾ" ਹੈ, ਜੋ ਕਿ ਰਾਸ਼ਟਰਪਤੀ ਟਰੰਪ ਦੁਆਰਾ 20 ਜਨਵਰੀ, 2025 ਨੂੰ ਦਸਤਖਤ ਕੀਤਾ ਗਿਆ ਸੀ।

ਇਹ ਆਦੇਸ਼ ਸਖ਼ਤ ਇਮੀਗ੍ਰੇਸ਼ਨ ਨੀਤੀਆਂ 'ਤੇ ਜ਼ੋਰ ਦਿੰਦਾ ਹੈ, ਜਿਸ ਵਿੱਚ ਦੇਸ਼ ਨਿਕਾਲੇ ਵਿੱਚ ਵਾਧਾ ਅਤੇ ਵਧੇ ਹੋਏ ਸਰਹੱਦੀ ਸੁਰੱਖਿਆ ਉਪਾਅ ਸ਼ਾਮਲ ਹਨ।

ਇਸ ਮਿਆਦ ਦੇ ਸ਼ੁਰੂਆਤੀ 50 ਦਿਨਾਂ ਵਿੱਚ, ਇਮੀਗ੍ਰੇਸ਼ਨ ਅਤੇ ਕਸਟਮਜ਼ ਇਨਫੋਰਸਮੈਂਟ (ਿਛਓ) ਨੇ 32,000 ਪ੍ਰਵਾਸੀ ਗ੍ਰਿਫਤਾਰੀਆਂ ਦੀ ਰਿਪੋਰਟ ਕੀਤੀ, ਜਿਨ੍ਹਾਂ ਵਿੱਚੋਂ 70% ਅਪਰਾਧਾਂ ਦੇ ਦੋਸ਼ੀ ਜਾਂ ਦੋਸ਼ੀ ਠਹਿਰਾਏ ਗਏ ਵਿਅਕਤੀਆਂ ਨਾਲ ਸਬੰਧਤ ਹਨ। ਇਸ ਵਾਧੇ ਨੇ ਨਜ਼ਰਬੰਦੀ ਸਹੂਲਤਾਂ ਵਿੱਚ ਸਮਰੱਥਾ ਚੁਣੌਤੀਆਂ ਪੈਦਾ ਕੀਤੀਆਂ ਹਨ, ਜਿਸ ਨਾਲ ਵਾਧੂ ਸਰੋਤਾਂ ਲਈ ਬੇਨਤੀਆਂ ਕੀਤੀਆਂ ਗਈਆਂ ਹਨ।

## ਕਰੋੜਾਂ ਦੀ ਡਰੱਗ ਡੀਲ 'ਚ ਫਸਿਆ ਆਸਟਰੇਲੀਆਈ ਕ੍ਰਿਕਟਰ

ਸਿਡਨੀ ਜ਼ਿਲ੍ਹਾ ਅਦਾਲਤ ਦੀ ਇੱਕ ਜਿਊਰੀ ਨੇ ਵੀਰਵਾਰ ਨੂੰ ਆਸਟਰੇਲੀਆ ਦੇ ਸਾਬਕਾ ਸਪਿਨਰ ਸਟੂਅਰਟ ਮੈਕਗਿੱਲ ਨੂੰ ਨਸ਼ਾ ਤਸਕਰੀ ਵਿੱਚ ਸ਼ਾਮਲ ਹੋਣ ਦੇ ਦੋਸ਼ 'ਚ ਦੋਸ਼ੀ ਪਾਇਆ, ਪਰ ਅਪ੍ਰੈਲ 2021 ਵਿੱਚ ਹੋਏ ਵੱਡੇ ਪੱਧਰ ਦੇ ਵਪਾਰਕ ਡਰੱਗ ਲੈਣ-ਦੇਣ ਵਿੱਚ ਸ਼ਾਮਲ ਹੋਣ ਦੇ ਦੋਸ਼ 'ਚ ਉਸ ਨੂੰ ਬਰੀ ਕਰ ਦਿੱਤਾ ਗਿਆ। ਪੇਸ਼ ਕੀਤੇ ਗਏ ਸਬੂਤਾਂ ਤੋਂ ਪਤਾ ਚੱਲਦਾ ਹੈ ਕਿ ਮੈਕਗਿਲ ਦੇ ਨਿਯਮਤ ਡਰੱਗ ਸਪਲਾਇਰ ਅਤੇ ਉਸ ਦੇ ਜੀਜਾ ਮਾਰੀਨੋ ਸੋਟੀਰੋਪੌਲੋਸ ਨੇ ਇੱਕ ਕਿਲੋਗ੍ਰਾਮ ਕੋਕੀਨ ਲਈ 330,000 ਡਾਲਰ (ਤਿੰਨ ਕਰੋੜ) ਦਾ ਸੌਦਾ ਕੀਤਾ ਸੀ। ਜਦੋਂ ਕਿ ਸਾਬਕਾ ਕ੍ਰਿਕਟਰ ਨੇ ਆਪਣੇ ਰੈਸਟੋਰੈਂਟ ਵਿੱਚ ਇਸ ਸੌਦੇ ਨੂੰ ਲੈ ਕੇ ਇੱਕ ਮੀਟਿੰਗ ਰੱਖੀ ਸੀ। ਜਦੋਂ ਕਿ ਕ੍ਰਿਕਟਰ ਨੇ ਕਿਹਾ ਕਿ ਉਸਨੂੰ ਕਿਸੇ ਸੌਦੇ ਬਾਰੇ ਪਤਾ ਨਹੀਂ ਸੀ। ਪਰ ਵਕੀਲਾਂ ਨੇ ਦਲੀਲ ਦਿੱਤੀ ਕਿ ਇੰਨਾ ਵੱਡਾ ਸੌਦਾ ਬਿਨ੍ਹਾਂ ਮੈਕਗਿਲ ਦੀ ਸਮੂਲੀਅਤ ਦੇ ਹੋਣਾ ਮੁਮਕਿਨ ਹੀ ਨਹੀਂ ਸੀ। ਜਿਊਰੀ ਨੇ ਇੱਕ ਕਿਲੋਗ੍ਰਾਮ ਦੇ ਲੈਣ-ਦੇਣ ਵਿੱਚ ਮੈਕਗਿਲ ਦੀ ਸ਼ਮੂਲੀਅਤ ਦੇ ਸਬੰਧ ਵਿੱਚ ਕ੍ਰਾਊਨ ਦੇ ਦੋਸ਼ਾਂ ਨੂੰ ਰੱਦ ਕਰ ਦਿੱਤਾ, ਪਰ ਫਿਰ ਵੀ ਉਸਨੂੰ ਡਰੱਗ ਸਪਲਾਈ ਵਿੱਚ ਹਿੱਸਾ ਲੈਣ ਨਾਲ ਸਬੰਧਤ ਦੋਸ਼ ਲਈ ਦੋਸ਼ੀ ਠਹਿਰਾਇਆ ਗਿਆ।






# ਹੁਣ ਕੈਂਟ ਵਿੱਚ ਵਿਜੈ ਜਿਊਲਰਜ਼ ਨੇ ਆਪਣੀ ਨਵੀਂ ਦੁਕਾਨ ਖੋਲ੍ਹ ਦਿੱਤੀ ਹੈ


# Vijay JEWELLERS INC.

**Specializing in 22K Gold**




**ਸੋਨੇ ਦੀਆਂ ਬਾਰਾਂ ਸਪੈਸ਼ਲ ਕੀਮਤਾਂ ਤੇ ਮਿਲਦੀਆਂ ਹਨ**

ਹਰੇਕ ਤਰ੍ਹਾਂ ਦੇ ਨਗ ਸਰਟੀਫਾਈਡ ਮਿਲਦੇ ਹਨ



ਅਨੇਕਾਂ ਪ੍ਰਕਾਰ ਦੇ ਗਹਿਣੇ
ਲੇਟੈਸਟ ਡਿਜਾਈਨਾਂ ਵਿਚ ਲਵੋ

ਅਸੀਂ ਹਰ ਤਰਾਂ ਦੇ ਗਹਿਣੇ ਰਿਪੇਅਰ ਵੀ ਕਰਦੇ ਹਾਂ

**Naman Dhawan**
**856-325-9919, 253-277-3854**

**Vijay Dhawan**
**253-656-2666**

**25416 104th Ave SE, Kent, WA 98030, USA**

www.vijayjewellersseattle.com vijayjewellersinc@gmail.com

# DAY TO DAY GROCERY & PRODUCE

www.daytoday.ca

## BLOWOUT SALE

Mar 14 to Mar 20

HAR DIN FRESH

## Ramadan & Holi Special

**ਪਾਲਕ Spinach** — $1.49 bunch

**ਸਾਗ Rappini** USA — $2.99 bunch

**ਗਾਜਰਾਂ Jumbo Carrots** — $.99 /Lb

**ਅਰਬੀ Taro Root** — $1.49 /lb

**ਧਨੀਆ Cilantro** — 2 For $.99

**ਫੁੱਲ ਗੋਭੀ Cauliflower** — $2.99 each

**ਆਲੂ Russet Potato** — $3.49 10 Lb

**ਬਰੋਕਲੀ Broccoli** — $1.49 /Lb

**ਪਿਆਜ Yellow Onions** Jumbo — $11.99 50 Lb

**ਖਜੂਰਾਂ Meherban Dates** — $5.99 680gm

**ਰੂਹ ਅਫਜਾ Pakistani Roohafza** Hamdard — $3.99 each

**ਗਚਕ Guru Ji Peanut Gachak** — $3.99 400gm

**ਚੌਲ Guruji Basmati Rice XL** — Was $16.99 Now $14.99 10Lb

**ਸੂਜੀ Guruji Sooji Coarse** — $4.99 4 Lb

**ਬੇਸਨ Guruji Chana Flour** — $3.99 4 Lb

**EXCLUSIVE**

Friday/Saturday/Sunday

ਦੁੱਧ Island Farm Milk

ONE GALLON OF MILK FREE

2% or HOMO

($75 minimum purchase required)

**6 Comp Party Trays** — $7.49 40Pcs

**ਆਟਾ Guruji Multigrain Atta** — $7.99 10 Lb

**ਖੰਡ Madhur Sugar** — $9.99 10 KG

DAY TO DAY WHOLESALE CASH & CARRY
7843 128TH STREET SURREY BC V3W 2C7

DAY TO DAY GROCERY & PRODUCE
SCOTT 72 7337 120TH STREET DELTA BC V4C 1C7

DAY TO DAY GROCERY & PRODUCE
LANGLEY 6339 200TH STREET LANGLEY BC V2Y 1A2


DAY TO DAY GROCERY & PRODUCE
ABBOTSFORD 31877 SOUTH FRASER WAY, ABBOTSFORD, BC V2T 1V4

daytodaywholesale | daytodaygroceryproduce | daytodaycashcarry | 7 days a week | Store hours: 9am - 9pm | 604 503 6704

# ਯੂਕਰੇਨ ਵਿਚ 30 ਦਿਨਾਂ ਲਈ ਜੰਗਬੰਦੀ ਦੀ ਅਮਰੀਕੀ ਤਜਵੀਜ਼ ਨਾਲ ਸਿਧਾਂਤਕ ਤੌਰ 'ਤੇ ਸਹਿਮਤ:ਪੂਤਿਨ

ਮਾਸਕੋ:ਰੂਸੀ ਰਾਸ਼ਟਰਪਤੀ ਵਲਾਦੀਮੀਰ ਪੂਤਿਨ ਨੇ ਵੀਰਵਾਰ ਨੂੰ ਕਿਹਾ ਕਿ ਉਹ ਯੂਕਰੇਨ ਵਿੱਚ 30 ਦਿਨਾਂ ਦੀ ਜੰਗਬੰਦੀ ਲਈ ਅਮਰੀਕੀ ਤਜਵੀਜ਼ ਨਾਲ ਸਿਧਾਂਤਕ ਤੌਰ 'ਤੇ ਸਹਿਮਤ ਹਨ, ਪਰ ਸ਼ਰਤਾਂ 'ਤੇ ਕੰਮ ਕਰਨ ਦੀ ਲੋੜ ਹੈ।ਉਨ੍ਹਾਂ ਜ਼ੋਰ ਦੇ ਕੇ ਕਿਹਾ ਕਿ ਇਸ ਨਾਲ ਸਥਾਈ ਸ਼ਾਂਤੀ ਦਾ ਰਾਹ ਪੱਧਰਾ ਹੋਣਾ ਚਾਹੀਦਾ ਹੈ।ਪੂਤਿਨ ਨੇ ਮਾਸਕੋ ਵਿਚ ਪ੍ਰੈੱਸ ਕਾਨਫਰੰਸ ਦੌਰਾਨ ਕਿਹਾ, ''ਇਸ ਲਈ ਇਹ ਵਿਚਾਰ ਆਪਣੇ ਆਪ ਵਿੱਚ ਸਹੀ ਹੈ, ਅਤੇ ਅਸੀਂ ਯਕੀਨੀ ਤੌਰ 'ਤੇ ਇਸ ਦਾ ਸਮਰਥਨ ਕਰਦੇ ਹਾਂ।'' ਰੂਸੀ ਸਦਰ ਨੇ ਕਿਹਾ, ''ਪਰ ਕੁਝ ਮੁੱਦੇ ਹਨ ਜਿਨ੍ਹਾਂ 'ਤੇ ਸਾਨੂੰ ਚਰਚਾ ਕਰਨ ਦੀ ਲੋੜ ਹੈ, ਅਤੇ ਮੈਨੂੰ ਲੱਗਦਾ ਹੈ ਕਿ ਸਾਨੂੰ ਆਪਣੇ ਅਮਰੀਕੀ ਸਹਿਯੋਗੀਆਂ ਅਤੇ ਭਾਈਵਾਲਾਂ ਨਾਲ ਇਸ 'ਤੇ ਚਰਚਾ ਕਰਨ ਦੀ ਲੋੜ ਹੈ।'' ਪੂਤਿਨ ਨੇ ਕਿਹਾ ਕਿ ਯੂਕਰੇਨੀ ਫੌਜਾਂ ਰੂਸ ਦੇ ਕੁਰਸਕ ਖੇਤਰ ਵਿੱਚ ਘਿਰੀਆਂ ਹੋਈਆਂ ਹਨ, ਅਤੇ ਜੰਗਬੰਦੀ ਤੋਂ ਪਹਿਲਾਂ ਇਹ ਪੱਕਾ ਕਰਨਾ ਜ਼ਰੂਰੀ ਹੈ ਕਿ ਕੀ ਉਹ ਹਥਿਆਰ ਰੱਖਣਗੇ ਅਤੇ ਆਤਮ ਸਮਰਪਣ ਕਰਨਗੇ।

ਉਨ੍ਹਾਂ ਜੰਗਬੰਦੀ ਦੀਆਂ ਸੰਭਾਵੀ ਉਲੰਘਣਾਵਾਂ ਨੂੰ ਕੰਟਰੋਲ ਕਰਨ ਲਈ ਇੱਕ ਵਿਧੀ ਵਿਕਸਤ ਕਰਨ ਦੀ ਲੋੜ 'ਤੇ ਵੀ ਜ਼ੋਰ ਦਿੱਤਾ।ਉਨ੍ਹਾਂ ਕਿਹਾ ਕਿ ਇੱਕ ਹੋਰ ਮੁੱਦਾ ਇਹ ਵੀ ਹੈ ਕਿ ਕੀ ਯੂਕਰੇਨ 30 ਦਿਨਾਂ ਦੀ ਜੰਗਬੰਦੀ ਦੀ ਵਰਤੋਂ ਲਾਮਬੰਦੀ ਅਤੇ ਮੁੜ ਹਥਿਆਰਬੰਦੀ ਜਾਰੀ ਰੱਖਣ ਲਈ ਕਰ ਸਕਦਾ ਹੈ।



## ਕੇਂਦਰ ਨਾਲ ਭਾਸ਼ਾ ਵਿਵਾਦ ਦਰਮਿਅਨ ਤਾਮਿਲ ਨਾਡੂ ਨੇ ਬਜਟ ਲੋਗੋ ਵਿਚ ਰੁਪਏ ਦਾ ਚਿੰਨ੍ਹ ਬਦਲਿਆ




ਤਿੰਨ ਭਾਸ਼ਾਈ ਫਾਰਮੂਲੇ ਨੂੰ ਲੈ ਕੇ ਕੇਂਦਰ ਨਾਲ ਜਾਰੀ ਟਕਰਾਅ ਦਰਮਿਆਨ ਤਾਮਿਲ ਨਾਡੂ ਸਰਕਾਰ ਨੇ ਅਗਲੇ ਵਿੱਤੀ ਸਾਲ 2025-26 ਦੇ ਬਜਟ ਲਈ ਆਪਣੇ ਲੋਗੋ ਵਿਚ ਦੇਵਨਾਗਰੀ ਰੁਪਏ ਦੇ ਚਿੰਨ੍ਹ ਨੂੰ ਤਾਮਿਲ ਅੱਖਰ ਨਾਲ ਬਦਲ ਦਿੱਤਾ ਹੈ।ਵਿੱਤ ਮੰਤਰੀ ਸ਼ੁੱਕਰਵਾਰ ਨੂੰ ਸੂਬਾਈ ਅਸੈਂਬਲੀ ਵਿਚ ਬਜਟ ਪੇਸ਼ ਕਰਨਗੇ।ਵੀਰਵਾਰ ਨੂੰ ਸਰਕਾਰ ਵੱਲੋਂ ਜਾਰੀ ਕੀਤੇ ਗਏ ਬਜਟ ਦੇ ਲੋਗੋ ਵਿੱਚ 'Ru' ਲਿਖਿਆ ਹੋਇਆ ਹੈ, ਜੋ ਕਿ ਤਾਮਿਲ ਸ਼ਬਦ 'Rubaia' ਦਾ ਪਹਿਲਾ ਅੱਖਰ ਹੈ, ਜੋ ਕਿ ਸਥਾਨਕ ਭਾਸ਼ਾ ਵਿੱਚ ਭਾਰਤੀ ਮੁਦਰਾ ਨੂੰ ਦਰਸਾਉਂਦਾ ਹੈ।ਲੋਗੋ 'ਤੇ 'ਸਭ ਲਈ ਸਭ ਕੁਝ'ਕੈਪਸ਼ਨ ਵੀ ਸੀ, ਜੋ ਇਹ ਦਰਸਾਉਂਦਾ ਹੈ ਕਿ ਸੱਤਾਧਾਰੀ ਡੀਐਮਕੇ ਦਾ ਸਮਾਵੇਸ਼ੀ ਸ਼ਾਸਨ ਮਾਡਲ ਕੀ ਦਾਅਵਾ ਕਰਦਾ ਹੈ।ਉਧਰ ਤਾਮਿਲ ਨਾਡੂ ਭਾਜਪਾ ਦੇ ਮੁਖੀ ਕੇ ਅੰਨਾਮਲਾਈ ਨੇ ਸਟਾਲਿਨ ਸਰਕਾਰ ਦੇ ਇਸ ਕਦਮ ਦੀ ਨਿੰਦਾ ਕਰਦੇ ਹੋਏ ਸਵਾਲ ਪੁੱਛਿਆ ਕਿ ਉਹ ਅਜਿਹੀ ਮੂਰਖਤਾ ਕਿਵੇਂ ਕਰ ਸਕਦੇ ਹਨ। ਸੀਨੀਅਰ ਭਾਜਪਾ ਆਗੂ ਤੇ ਸਾਬਕਾ ਸੂਬਾ ਪ੍ਰਧਾਨ ਤਾਮਿਲਸਾਈ ਸੁੰਦਰਾਜਨ ਨੇ ਵੀ ਡੀਐੱਮਕੇ ਨੂੰ ਨਿਸ਼ਾਨਾ ਬਣਾਇਆ ਹੈ।

## ਮਮਤਾ ਨੇ ਮੁਸਲਿਮ ਵਿਧਾਇਕਾਂ ਬਾਰੇ ਸ਼ੁਵੇਂਦੂ ਦੀ ਟਿੱਪਣੀ ਦੀ ਨਿੰਦਾ ਕੀਤੀ



ਪੱਛਮੀ ਬੰਗਾਲ ਦੀ ਮੁੱਖ ਮੰਤਰੀ ਮਮਤਾ ਬੈਨਰਜੀ ਨੇ ਮੁਸਲਿਮ ਵਿਧਾਇਕਾਂ 'ਤੇ ਵਿਰੋਧੀ ਧਿਰ ਦੇ ਨੇਤਾ ਸ਼ੁਵੇਂਦੂ ਅਧਿਕਾਰੀ ਦੀ ਟਿਪਣੀ ਦੀ ਆਲੋਚਨਾ ਕਰਦਿਆਂ ਕਿਹਾ, ''ਤੁਹਾਡੇ ਬਾਹਰੋਂ ਲਿਆਂਦੇ ਹਿੰਦੂ ਧਰਮ ਨੂੰ ਵੇਦਾਂ ਜਾਂ ਸਾਡੇ ਸੰਤਾਂ ਦਾ ਸਮਰਥਨ ਨਹੀਂ ਹੈ। ਤੁਸੀਂ ਨਾਗਰਿਕਾਂ ਵਜੋਂ ਮੁਸਲਮਾਨਾਂ ਦੇ ਅਧਿਕਾਰਾਂ ਤੋਂ ਇਨਕਾਰ ਕਿਵੇਂ ਕਰ ਸਕਦੇ ਹੋ? ਇਹ ਧੋਖਾਧੜੀ ਤੋਂ ਇਲਾਵਾ ਕੁੱਝ ਨਹੀਂ ਹੈ। ਤੁਸੀਂ ਨਕਲੀ ਹਿੰਦੂ ਧਰਮ ਦਾ ਆਯਾਤ ਕਰ ਰਹੇ ਹੋ।'' ਬੈਨਰਜੀ ਨੇ ਭਾਜਪਾ 'ਤੇ ਸਿਆਸੀ ਫਾਇਦੇ ਲਈ ਧਾਰਮਕ ਭਾਵਨਾਵਾਂ ਨਾਲ ਛੇੜਛਾੜ ਕਰਨ ਦੀ ਕੋਸ਼ਿਸ਼ ਕਰਨ ਦਾ ਦੋਸ਼ ਲਾਇਆ ਅਤੇ ਜ਼ੋਰ ਦੇ ਕੇ ਕਿਹਾ ਕਿ ਹਿੰਦੂ ਧਰਮ ਦਾ ਉਨ੍ਹਾਂ ਦਾ ਸੰਸਕਰਣ ਉਨ੍ਹਾਂ ਨਾਲੋਂ ਵੱਖਰਾ ਹੈ।

ਬੈਨਰਜੀ ਨੇ ਅਧਿਕਾਰੀ ਦੇ ਇਸ ਬਿਆਨ 'ਤੇ ਵੀ ਸਵਾਲ ਚੁਕੇ ਕਿ ਹਿੰਦੂ ਆਬਾਦੀ ਤ੍ਰਿਣਮੂਲ ਕਾਂਗਰਸ ਨੂੰ ਸੱਤਾ ਤੋਂ ਬਾਹਰ ਕਰ ਦੇਵੇਗੀ। ਉਨ੍ਹਾਂ ਕਿਹਾ, ''ਤੁਹਾਡਾ ਨੇਤਾ ਇਹ ਕਿਵੇਂ ਕਹਿ ਸਕਦਾ ਹੈ ਕਿ ਜਦੋਂ ਮੁਸਲਮਾਨ ਜਿੱਤਣਗੇ ਤਾਂ ਤੁਸੀਂ ਲੋਕ ਉਨ੍ਹਾਂ ਨੂੰ ਵਿਧਾਨ ਸਭਾ ਤੋਂ ਹਟਾ ਦੇਵੋਗੇ? ਉਹ 33 ਫੀ ਸਦੀ ਆਬਾਦੀ ਨੂੰ ਕਿਵੇਂ ਹਟਾ ਸਕਦੇ ਹਨ?'' ਉਨ੍ਹਾਂ ਨੇ ਸੂਬੇ ਦੀ ਧਾਰਮਕ ਵੰਨ-ਸੁਵੰਨਤਾ 'ਤੇ ਚਾਨਣਾ ਪਾਉਂਦਿਆਂ ਕਿਹਾ, ''ਸੂਬੇ 'ਚ ਮੁਸਲਮਾਨਾਂ ਸਮੇਤ ਹੋਰ ਭਾਈਚਾਰਿਆਂ ਦੇ ਨਾਲ 23 ਫੀ ਸਦੀ ਆਦਿਵਾਸੀ ਭਰਾ-ਭੈਣ ਹਨ। ਅਸੀਂ ਸਾਰੇ ਧਰਮਾਂ ਦੀ ਰੱਖਿਆ ਕਰਨ ਅਤੇ ਸ਼ਾਂਤੀ ਨੂੰ ਉਤਸ਼ਾਹਤ ਕਰਨ ਲਈ ਵਚਨਬੱਧ ਹਾਂ।''

ਪਿਛਲੇ 25 ਸਾਲ ਤੋਂ ਇੰਡੀਅਨ ਰੈਸਟੋਰੈਂਟ ਚਲਾ ਰਹੇ (India Bistro Roosevelt) ਨੇ ਸ਼ੁਰੂ ਕਰ ਦਿੱਤੀ ਹੈ

#1 Services On Your Special Events

SARDAR JI CATERING

Website:www.sardarjicatering.com



ਗੁਰਦੁਆਰਾ ਸਾਹਿਬ ਦੇ ਪ੍ਰੋਗਰਾਮਾਂ ਲਈ ਸੇਵਾਵਾਂ ਵੀ ਦਿੰਦੇ ਹਾਂ ਅਤੇ ਲੰਗਰ ਪੂਰੀ ਗੁਰ ਮਰਿਯਾਦਾ ਅਨੁਸਾਰ ਤਿਆਰ ਕੀਤਾ ਜਾਂਦਾ ਹੈ

- ਸ਼ਾਨਦਾਰ ਸਰਵਿਸ (ਤਜਰਬੇਕਾਰ ਅਤੇ ਟਰੇਨਡ ਕੁੱਕ)
- ਅਸੀਂ ਕੇਟਰਿੰਗ ਲਈ ਲਾਇਸੈਂਸਡ ਹਾਂ ਤੇ Hygenic Services ਦਿੰਦੇ ਹਾਂ
- ਪੰਜਾਬੀਆਂ ਦੇ ਜਾਇਕੇਦਾਰ ਲਾਜਵਾਬ ਸਵਾਦਲੇ ਖਾਣੇ ਬਣਾਉਂਦੇ ਹਾਂ
- ਕੇਟਰਿੰਗ ਤੋਂ ਇਲਾਵਾ ਕਰੌਕਰੀ ਅਤੇ ਵੇਟਰਾਂ ਦਾ ਪ੍ਰਬੰਧ ਕਰਦੇ ਹਾਂ
- LIVE FRESH ਕੁਕਿੰਗ
- Excellent Food Presentation
- ਤੁਹਾਡੇ ਬੱਜਟ ਤੇ ਸਵਾਦ ਮੁਤਾਬਕ ਕਸਟਮਮੇਡ Menus
- ਹਰ ਤਰ੍ਹਾਂ ਦੇ ਫੰਕਸ਼ਨ ਤੇ ਸੇਵਾਵਾਂ ਪ੍ਰਦਾਨ ਕਰਦੇ ਹਾਂ
- ਲਾਇਸੈਂਸਡ ਫੂਡ ਟਰੱਕ ਅਤੇ ਤੰਦੂਰ ਲਾਉਂਦੇ ਹਾਂ

Special Catering Service for 100-125 persons


*No matter the Event *Count on us * Available for all occasions

ਬੈਲਿੰਗਹਾਮ ਤੋਂ ਪੋਰਟਲੈਂਡ ਤੱਕ ਕੇਟਰਿੰਗ ਕਰਦੇ ਹਾਂ

For Catering Enquiries Contact: Off:206-517-4444, Cell:206-771-5079

6417 Roosevelt Way NE #105, Seattle WA 98115 Email:sardarjicatering@gmail.com

# ਸਿੱਖ ਜਰਨੈਲ ਸ਼ਹੀਦ ਅਕਾਲੀ ਫੂਲਾ ਸਿੰਘ ਜੀ ਨੂੰ ਯਾਦ ਕਰਦਿਆਂ



ਸ਼ੇਰ-ਏ-ਪੰਜਾਬ ਮਹਾਰਾਜਾ ਰਣਜੀਤ ਸਿੰਘ ਦੇ ਰਾਜ ਨੂੰ ਅਸਲ ਵਿੱਚ ਵਿਸਥਾਰ ਦੇਣ ਲਈ ਆਪਾ ਕੁਰਬਾਨ ਕਰਨ ਵਾਲੇ ਅਤੇ ਸ਼ਹਾਦਤ ਦਾ ਜੀਮ ਪੀਣ ਵਾਲੇ 96ਵੇਂ ਕਰੋੜੀ ਪੰਥ ਅਕਾਲੀ ਬੁੱਢਾ ਦਲ ਦੇ ਛੇਵੇਂ ਮੁਖੀ ਅਤੇ ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ ਅਕਾਲੀ ਫੂਲਾ ਸਿੰਘ ਨਿਹੰਗ ਸਿੰਘ ਦੀ ਲਾਸਾਨੀ ਕੁਰਬਾਨੀ ਤੇ ਸ਼ਹਾਦਤ ਨੂੰ ਸਿੱਖ ਜਗਤ ਕਦੇ ਵੀ ਨਹੀਂ ਭੁੱਲ ਸਕਦਾ। ਇਸ ਮਹਾਨ ਯੋਧੇ, ਸਿੱਖ ਜਰਨੈਲ, ਸਿਦਕੀ ਸਿੱਖ ਦਾ ਜਨਮ ਸੰਗਰੂਰ ਜ਼ਿਲ੍ਹੇ ਦੇ ਮੂਣਕ ਕਸਬੇ ਤੋਂ ਥੋੜ੍ਹੀ ਦੂਰ ਪੱਛਮ ਵਾਲੇ ਪਾਸੇ ਸਥਿਤ ਸੀਹਾਂ ਪਿੰਡ ਵਿੱਚ ਪਿਤਾ ਸ। ਈਸ਼ਰ ਸਿੰਘ ਦੇ ਗ੍ਰਹਿ ਵਿਖੇ ਮਾਤਾ ਹਰ ਕੌਰ ਦੀ ਕੁੱਖ ਤੋਂ ਜਨਵਰੀ 1760 ਈ: ਵਿੱਚ ਹੋਇਆ। ਜਦੋਂ ਅਹਿਮਦ ਸ਼ਾਹ ਦੁਰਾਨੀ ਨੇ ਕੁੱਪ ਰਹੀੜੇ ਦੇ ਸਥਾਨ ਫ਼ਲਸਤੌਤੇ ਵੱਡੇ ਘੱਲੂਘਾਰੇ ਦੌਰਾਨ ਹਜ਼ਾਰਾਂ ਸਿੰਘਾਂ ਨੂੰ ਸ਼ਹੀਦ ਕੀਤਾ, ਉਸ ਸਮੇਂ ਸ। ਈਸ਼ਰ ਸਿੰਘ (ਪਿਤਾ ਜੀ ਅਕਾਲੀ ਬਾਬਾ ਫੂਲਾ ਸਿੰਘ) ਗੰਭੀਰ ਰੂਪ ਵਿੱਚ ਜ਼ਖਮੀ ਹੋਏ, ਜ਼ਖਮ ਬੜੇ ਡੂੰਘੇ ਸਨ, ਠੀਕ ਨਾ ਹੋ ਸਕੇ, ਥੋੜ੍ਹੇ ਸਮੇਂ ਬਾਅਦ ਪੰਜ ਭੂਤਕ ਸਰੀਰ ਤਿਆਗ ਕੇ ਬਾਕੀ ਸ਼ਹੀਦ ਸਿੰਘਾਂ ਨਾਲ ਹੀ ਸਚਖੰਡ ਜਾ ਬਿਰਾਜੇ ।ਬੁੱਢਾ ਦਲ ਦੇ ਬਾਣੀ ਬਾਬਾ ਨਰੈਣ ਸਿੰਘ ਨੇ ਅਕਾਲੀ ਬਾਬਾ ਫੂਲਾ ਸਿੰਘ ਨੂੰ ਬਚਪਨ ਵਿੱਚ ਹੀ ਧਾਰਮਿਕ ਗ੍ਰੰਥਾਂ ਦੇ ਅਧਿਐਨ ਦੇ ਨਾਲ-ਨਾਲ ਸ਼ਸਤਰ ਵਿੱਦਿਆ, ਘੋੜ ਸਵਾਰੀ ਅਤੇ ਜੰਗੀ ਕਰਤਬਾਂ ਵਿੱਚ ਨਿਪੁੰਨ ਕੀਤਾ।

ਪੂਰਨ ਰੂਪ ਵਿੱਚ ਤਿਆਗੀ ਬਿਰਤੀ ਅਤੇ ਬੰਦਗੀ ਦੇ ਮਾਲਕ ਅਕਾਲੀ ਫੂਲਾ ਸਿੰਘ ਨੇ ਆਪਣਾ ਸਾਰਾ ਘਰ-ਬਾਰ ਅਤੇ ਜਾਇਦਾਦ ਆਪਣੇ ਛੋਟੇ ਭਾਈ ਸ। ਸੰਤਾ ਸਿੰਘ ਨੂੰ ਸੌਂਪ ਕੇ ਨਿਹੰਗ ਸਿੰਘ ਸਜ ਕੇ ਸ਼ਹੀਦਾਂ ਦੀ ਮਿਸਲ ਵਿੱਚ ਸ਼ਾਮਿਲ ਹੋ ਕੇ ਸਿੱਖ ਪੰਥ ਦੀ ਸੇਵਾ ਨਿਭਾਉਣੀ ਸ਼ੁਰੂ ਕੀਤੀ। ਜਦੋਂ ਸੰਨ 1800 ਈ: ਵਿੱਚ ਬਾਬਾ ਨਰੈਣ ਸਿੰਘ ਅਕਾਲ ਚਲਾਣਾ ਕਰ ਗਏ ਤਾਂ ਅਕਾਲੀ ਫੂਲਾ ਸਿੰਘ ਨੂੰ ਜਥੇਦਾਰ ਥਾਪਿਆ ਗਿਆ।ਜਥੇਦਾਰ ਸੰਭਾਲਣ ਤੋਂ ਬਾਅਦ ਬਾਬਾ ਜੀ ਸਚਖੰਡ ਸ੍ਰੀ ਹਰਿਮੰਦਰ ਸਾਹਿਬ ਅਤੇ ਪਾਵਨ ਸਰੋਵਰ ਦੀ ਸੇਵਾ ਲਈ ਸ੍ਰੀ ਅੰਮ੍ਰਿਤਸਰ ਪੁੱਜੇ । ਇਸ ਤੋਂ ਬਾਅਦ ਬਾਬਾ ਜੀ ਨੇ ਸਥਾਈ ਤੌਰ ਤੇ ਅੰਮ੍ਰਿਤਸਰ ਵਿਖੇ ਰਿਹਾਇਸ਼ ਰੱਖਣੀ ਸ਼ੁਰੂ ਕਰ ਦਿੱਤੀ । ਇਸੇ ਰਿਹਾਇਸ਼ ਵਾਲੀ ਜਗ੍ਹਾ ਉੱਤੇ ਹੁਣ ਬੁਰਜ ਅਕਾਲੀ ਫੂਲਾ ਸਿੰਘ (ਛਾਉਣੀ ਨਿਹੰਗ ਸਿੰਘਾਂ) ਜੋ ਮੌਜੂਦਾ ਮੁਖੀ ਪੰਥ ਅਕਾਲੀ ਬੁੱਢਾ ਦਲ 96ਵੇਂ ਕਰੋੜੀ ਜਥੇਦਾਰ ਬਾਬਾ ਬਲਬੀਰ ਸਿੰਘ ਦੇ ਪ੍ਰਬੰਧ ਹੇਠ ਹੈ। ਜਨਵਰੀ 1802 ਈ: ਵਿੱਚ ਜਦੋਂ ਮਹਾਰਾਜਾ ਰਣਜੀਤ ਸਿੰਘ ਨੇ ਅੰਮ੍ਰਿਤਸਰ ਦੇ ਕਬਜ਼ੇ ਲਈ ਭੰਗੀ ਸਰਦਾਰਾਂ ਉੱਤੇ ਹਮਲਾ ਕੀਤਾ ਤਾਂ ਅਕਾਲੀ ਫੂਲਾ ਸਿੰਘ ਨੇ ਦੋਵਾਂ ਧਿਰਾਂ ਵਿੱਚਕਾਰ ਸੁਲਾਹ ਕਰਵਾ ਕੇ ਖ਼ੂਨ-ਖਰਾਬੇ ਤੋਂ ਬਚਾ ਲਿਆ ।

ਸਿੱਖ ਰਾਜ ਦੀਆਂ ਸਰਹੱਦਾਂ ਦੇ ਵਾਧੇ ਲਈ ਨੌਸ਼ਹਿਰੇ ਦੀ ਆਖਰੀ ਲੜਾਈ ਵਿੱਚ ਸੂਰਮਗਤੀ ਅਤੇ ਅਦੁੱਤੀ ਬਹਾਦਰੀ ਦੀ ਮਿਸਾਲ ਨੂੰ ਕਾਇਮ ਰੱਖਦਿਆਂ ਹਾਰ ਨੂੰ ਜਿੱਤ ਵਿੱਚ ਬਦਲਦਿਆਂ ਅਕਾਲੀ ਫੂਲਾ ਸਿੰਘ ਨਿਹੰਗ ਸਿੰਘਾਂ ਨੇ 14 ਮਾਰਚ 1823 ਈ: ਨੂੰ ਜਾਮ-ਏ-ਸ਼ਹਾਦਤ ਨੂੰ ਪ੍ਰਾਪਤ ਕੀਤਾ।ਬਾਬਾ ਜੀ ਦਾ ਸ਼ਹੀਦੀ ਅਸਥਾਨ ਨੌਸ਼ਹਿਰਾ ਤੋਂ 6 ਕਿਲੋਮੀਟਰ ਦੂਰ ਲੰਡੇ ਦਰਿਆ (ਕਾਬਲ ਨਦੀ) ਦੇ ਕੰਢੇ ਅਕੋੜਾ ਪਟਕ (ਸਰਹੱਦੀ ਸੂਬਾ) ਪਾਕਿਸਤਾਨ ਵਿੱਚ ਮੌਜੂਦ ਹੈ । ਬਾਬਾ ਜੀ ਦੀ ਯਾਦ ਵਿੱਚ ਪੂਸਾ ਰੋਡ ਦਿੱਲੀ ਵਿਖੇ ਇਕ ਗੁਰੂ-ਘਰ ਅਤੇ ਸਕੂਲ ਚੱਲ ਰਿਹਾ ਹੈ ।

ਬਾਬਾ ਜੀ ਦੀ ਸ਼ਹੀਦੀ ਯਾਦ ਹਰ 14 ਮਾਰਚ ਨੂੰ ਬੁਰਜ ਅਕਾਲੀ ਫੂਲਾ ਸਿੰਘ ਅੰਮ੍ਰਿਤਸਰ ਵਿਖੇ ਬੜੀ ਸ਼ਰਧਾ ਤੇ ਸਤਿਕਾਰ ਨਾਲ ਪੰਥ ਅਕਾਲੀ ਬੁੱਢਾ ਦਲ ਦੇ ਮੁਖੀ ਜਥੇਦਾਰ ਬਾਬਾ ਬਲਬੀਰ ਸਿੰਘ 96ਵੇਂ ਕਰੋੜੀ ਦੀ ਅਗਵਾਈ ਵਿੱਚ ਮਨਾਈ ਜਾਂਦੀ ਹੈ।

# ਵੱਖਰੇ ਕੇਂਦਰ ਸ਼ਾਸਿਤ ਪ੍ਰਦੇਸ਼ ਲਈ ਰਾਇਸ਼ੁਮਾਰੀ ’ਤੇ ਵਿਚਾਰ ਕਰ ਰਹੇ ਨੇ ਕੁਕੀ

ਨਵੀਂ ਦਿੱਲੀ:ਮਨੀਪੁਰ ਦੇ ਦੌਰੇ ’ਤੇ ਆਈ ਕੇਂਦਰੀ ਗ੍ਰਹਿ ਮੰਤਰਾਲੇ ਦੀ ਟੀਮ ਨਾਲ ਵਾਰਤਾ ਨਾਕਾਮ ਰਹਿਣ ਤੋਂ ਬਾਅਦ ਕੁਕੀ ਸਮੂਹ ਮਨੀਪੁਰ ਦੇ ਕਬਾਇਲੀ ਬਹੁ-ਗਿਣਤੀ ਵਾਲੇ ਇਲਾਕਿਆਂ ਨੂੰ ਕੇਂਦਰ ਸ਼ਾਸਿਤ ਪ੍ਰਦੇਸ਼ ਦਾ ਦਰਜਾ ਦਿਵਾਉਣ ਲਈ ਸੰਭਾਵੀ ਰਾਇਸ਼ੁਮਾਰੀ ’ਤੇ ਵਿਚਾਰ ਕਰ ਰਹੇ ਹਨ।ਸੂਤਰਾਂ ਨੇ ਹਾਲਾਂਕਿ ਦੱਸਿਆ ਕਿ ਫਿਲਹਾਲ ਕੋਈ ਠੋਸ ਤਜਵੀਜ਼ ਅਜੇ ਸਾਹਮਣੇ ਨਹੀਂ ਆਈ ਪਰ ਗ੍ਰਹਿ ਮੰਤਰਾਲੇ ਦੀ ਟੀਮ ਨਾਲ ਦੂਜੇ ਗੇੜ ਦੀ ਗੱਲਬਾਤ ਦੇ ਨਤੀਜਿਆਂ ਮਗਰੋਂ ਕੁਕੀ ਸਮੂਹ ਇਸ ’ਤੇ ਵਿਚਾਰ ਕਰ ਸਕਦੇ ਹਨ। 11 ਮਾਰਚ ਨੂੰ ਪਹਿਲੇ ਗੇੜ ਦੀ ਗੱਲਬਾਤ ਨਾਕਾਮ ਹੋ ਗਈ ਸੀ। ਉਨ੍ਹਾਂ ਹਾਲਾਂਕਿ ਇਸ ਗੱਲ ਤੋਂ ਇਨਕਾਰ ਕਰ ਦਿੱਤਾ ਕਿ ਗ੍ਰਹਿ ਮੰਤਰਾਲੇ ਦੀ ਟੀਮ ਨਾਲ ਗੱਲਬਾਤ ਦੌਰਾਨ ਵੱਖਰੇ ਕੇਂਦਰ ਸ਼ਾਸਿਤ ਪ੍ਰਦੇਸ਼ ਦਾ ਦਰਜਾ ਪ੍ਰਾਪਤ ਕਰਨ ਲਈ ਰਾਏਸ਼ੁਮਾਰੀ ਕਰਾਉਣ ਦੇ ਮਤੇ ’ਤੇ ਚਰਚਾ ਹੋਈ ਸੀ। ਕੁਕੀ ਸਮੂਹਾਂ ਵੱਲੋਂ ਰਾਇਸ਼ੁਮਾਰੀ ਦੇ ਮਤੇ ’ਤੇ ਵਿਚਾਰ ਕੀਤਾ ਜਾ ਰਿਹਾ ਹੈ ਕਿਉਂਕਿ ਗ੍ਰਹਿ ਮੰਤਰਾਲੇ ਦੀ ਟੀਮ ਨੇ ਉਨ੍ਹਾਂ ਨੂੰ ਦੱਸਿਆ ਹੈ ਕਿ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਮਨੀਪੁਰ ਪ੍ਰਸ਼ਾਸਨ ਨੂੰ ਸਪੱਸ਼ਟ ਨਿਰਦੇਸ਼ ਦਿੱਤਾ ਹੈ ਕਿ ਕੇਂਦਰ ਸ਼ਾਸਿਤ ਪ੍ਰਦੇਸ਼ ਦਾ ਦਰਜਾ ਦੇਣ ਦੀ ਉਨ੍ਹਾਂ ਦੀ ਮੰਗ ’ਤੇ ਕੋਈ ਸਮਝੌਤਾ ਨਹੀਂ ਕੀਤਾ ਜਾ ਸਕਦਾ।ਸੂਤਰਾਂ ਨੇ ਦੱਸਿਆ ਕਿ ਮਤਾ ਇਸ ਤੱਥ ਦੇ ਆਧਾਰ ’ਤੇ ਉੱਭਰਿਆ ਹੈ ਕਿ ਗੁਆਂਢੀ ਨਾਗਾਲੈਂਡ ਦਾ ਵਿਚਾਰ ਵੀ ਰਾਇਸ਼ੁਮਾਰੀ ਰਾਹੀਂ ਪੈਦਾ ਹੋਇਆ ਸੀ। (ਇਹ ਰਾਇਸ਼ੁਮਾਰੀ 1951 ’ਚ ਹੋਈ ਸੀ ਹਾਲਾਂਕਿ ਸਰਕਾਰ ਨੇ ਇਸ ਨੂੰ ਅਸਵੀਕਾਰ ਕਰ ਦਿੱਤਾ ਸੀ ਕਿਉਂਕਿ ਇਹ ਮੂਲ ਰੂਪ ’ਚ ਵੱਖਰੇ ਨਾਗਾ ਮੁਲਕ ਲਈ ਸੀ।) ਇਸ ਲਈ ਮਨੀਪੁਰ ਦੇ ਮਾਮਲੇ ’ਚ ਕੁਕੀਆਂ ਨੂੰ ਸਿਰਫ਼ ਰਾਜ ਅੰਦਰ ਉਨ੍ਹਾਂ ਦੇ ਖੇਤਰ ਲਈ ਵੱਖਰੇ ਕੇਂਦਰ ਸ਼ਾਸਿਤ ਪ੍ਰਦੇਸ਼ ਲਈ ਵੋਟ ਕਰਨ ਦੀ ਲੋੜ ਹੈ ਜਿੱਥੇ ਕਬਾਇਲੀ ਬਹੁਗਿਣਤੀ ਹੈ। ਦੂਜੇ ਪਾਸੇ ਕੁਕੀ ਜਥੇਬੰਦੀਆਂ ਵੱਲੋਂ 8 ਮਾਰਚ ਨੂੰ ਦਿੱਤਾ ਬੰਦ ਦਾ ਸੱਦਾ ਅੱਜ ਵੀ ਜਾਰੀ ਰਿਹਾ।

# ਸ਼੍ਰੀ ਅਕਾਲ ਤਖਤ ਸਾਹਿਬ ਦੀ ਮਾਣ ਮਰਿਆਦਾ ਅਤੇ ਅਜਾਦ ਹੌਂਦ ਨੂੰ ਬਰਕਰਾਰ ਰੱਖਣਾ ਸਿੱਖ ਕੌਮ ਦਾ ਪਹਿਲਾ ਫਰਜ:ਕਰਮ ਸਿੰਘ ਹਾਲੈਂਡ

ਨਵੀਂ ਦਿੱਲੀ:- ਅਖੰਡ ਕੀਰਤਨੀ ਜੱਥੇ ਦੇ ਪੁਰਾਤਨ ਸਿੰਘ ਜਥੇਦਾਰ ਕਰਮ ਸਿੰਘ ਹਾਲੈਂਡ ਨੇ ਮੀਡੀਆ ਨਾਲ ਗੱਲਬਾਤ ਕਰਦਿਆ ਕਿਹਾ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸ਼ਰੇਆਮ ਤਾਨਾਸ਼ਾਹ ਰੂਪ ਵਿੱਚ ਬਾਦਲ ਪਰਿਵਾਰ ਦੀ ਸ਼ਵੀ ਨੂੰ ਬਚਾਉਣ ਲਈ ਪੰਥ ਘਾਤਕ ਫੈਂਸਲੇ ਕਰ ਰਹੀ ਹੈ। ਜਥੇਦਾਰ ਕਰਮ ਸਿੰਘ ਹਾਲੈਂਡ ਨੇ

ਅੰਤ੍ਰਿੰਗ ਕਮੇਟੀ ਵਲੋਂ ਜਥੇਦਾਰ ਸਾਹਿਬਾਨ ਨੂੰ ਬਦਲਣ ਦੇ ਫੈਂਸਲੇ ਦੀ ਸਖਤ ਨਿਖੇਧੀ ਕਰਦ੍ਰਿਆਂ ਕਿਹਾ ਕਿ ਸਿੱਖ ਕੌਮ ਉਪਰ ਅਬਦਾਲੀ, ਜਕਰੀਏ, ਇੰਦਰਾ ਵਰਗੇ ਅਨੇਕਾ ਹੁਕਮਰਾਨ ਨੇ ਹਮਲੇ ਕਰਕੇ ਸ਼੍ਰੀ ਅਕਾਲ ਤਖਤ ਸਾਹਿਬ ਅਤੇ ਹਰਿਮੰਦਰ ਸਾਹਿਬ ਨੂੰ ਢਾਹਿਆ ਗਿਆ ਪਰ ਸਿੱਖ ਕੌਮ ਨੇ ਇਮਾਰਤਾ ਦੀ ਦੁਆਰਾ ਉਸਾਰੀ ਕੀਤੀ ਪਰ ਜੋ ਨੁਕਸਾਨ ਅਕਾਲੀ ਦਲ ਅਤੇ ਸ਼੍ਰੋਮਣੀ ਕਮੇਟੀ ਨੇ ਮੌਜੂਦਾ ਸਮੇ ਵਿੱਚ ਕੀਤਾ ਉਹ ਬਹੁਤ ਹੀ ਖਤਰਨਾਕ ਹੈ। ਸਿੱਖ ਜਥੇਬੰਦੀਆ ਨੂੰ ਇਕਜੁੱਟ ਹੋ ਕੇ ਸ਼੍ਰੋਮਣੀ ਕਮੇਟੀ ਮੈਂਬਰਾਂ ਦੇ ਘਰਾਂ ਦੇ ਬਾਹਰ ਕੀਰਤਨ ਅਤੇ ਅਰਦਾਸ ਕਰਨੀ ਚਾਹੀਦੀ ਹੈ ਤਾਂ ਕਿ ਇਹਨਾਂ ਦੀ ਮਰੀ ਹੋਈ ਜਮੀਰ ਜਾਗ ਪਵੇ। ਸ਼੍ਰੀ ਅਕਾਲ ਤਖਤ ਸਾਹਿਬ ਦੀ ਮਾਣ ਮਰਿਆਦਾ ਨੂੰ ਕਾਇਮ ਰੱਖਣ ਵਾਲੀਆ ਜਥੇਬੰਦੀਆ ਇਕਜੁੱਟ ਹੋ ਕੇ ਵਿਰੋਧ ਕਰਨ।

ਆਪਣੇ ਵਪਾਰ ਦੇ ਵਾਧੇ ਲਈ ਇਸ਼ਤਿਹਾਰ ਪਾਉਣ ਲਈ ਫੋਨ ਕਰੋ 604-590-5200


Trusted Name in Real Estate

ਕਿਸੇ ਵੀ ਤਰ੍ਹਾਂ ਦੀ ਰੈਜੀਡੈਂਸ਼ੀਅਲ ਜਾਂ ਕਮਰਸ਼ੀਅਲ ਪ੍ਰਾਪਰਟੀ ਖਰੀਦਣ ਜਾਂ ਵੇਚਣ ਲਈ ਸਾਡੇ ਨਾਲ ਸੰਪਰਕ ਕਰੋ



GURBINDER DHALIWAL
REAL ESTATE BROKER
Cell:425-314-2111
Email:garyd@windermere.com
garydhaliwal.withwre.com

Windermere REAL ESTATE
801 State Ave,
Marrysville, Wa 98270

HOUSE FOR SALE
12728 SE 287TH Place, Auburn, WA 98092





Nestled in a serene Cul-de-sac, this exquisite residence offers the perfect blend of comfort and sophistication. The heart of the home lies in its gourmet kitchen, where culinary dreams come to life amidst top-of-the-line appliances, sleek countertops, and ample storage. Step outside onto the covered deck, a true oasis that extends your living space. The ambiance is elevated by a cozy fireplace, providing warm and inviting atmosphere for year-round outdoor enjoyment. Venture downstairs to discover a meticulously finished basement, featuring a private one-bedroom suite and a stylishly appointed bathroom. This versatile space offers endless possibilities, whether used as a guest retreat, home office, or an entertainment hub.



MANDEEP SANGHA
REAL ESTATE BROKER
Cell:425-210-8985
Email:m.sangha@windermere.com
m.sangha.withwre.com

ਅਸੀਂ ਮੁਫਤ ਨੋਟਰੀ ਸੇਵਾਵਾਂ ਦਿੰਦੇ ਹਾਂ

# ਪੰਜਾਬ ਸਰਕਾਰ ਨੇ ਨਸ਼ਾ ਤਸਕਰਾਂ ਦੀਆਂ ਉਸਾਰੀਆਂ ਨੂੰ ਢਾਹੁਣ ਦੀ ਕਾਰਵਾਈ ਜਾਰੀ ਰੱਖਦਿਆਂ 'ਯੁੱਧ ਨਸ਼ਿਆਂ ਵਿਰੁੱਧ' ਮੁਹਿੰਮ ਨੂੰ ਤੇਜ਼ ਕੀਤਾ

ਨਵੀਂ ਦਿੱਲੀ:- ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵੱਲੋਂ ਸੂਬੇ ਵਿੱਚੋਂ ਨਸ਼ਾ ਤਸਕਰਾਂ ਦੇ ਨੈਟਵਰਕ ਨੂੰ ਪੂਰੀ ਤਰ੍ਹਾਂ ਖ਼ਤਮ ਕਰਨ ਲਈ ਵਿੱਢੀ ਗਈ 'ਯੁੱਧ ਨਸ਼ਿਆਂ ਵਿਰੁੱਧ' ਮੁਹਿੰਮ ਦੇ ਸਕਾਰਾਤਮਕ ਸਿੱਟੇ ਸਾਹਮਣੇ ਆ ਰਹੇ ਹਨ ਅਤੇ ਇਸ ਪਹਿਲਕਦਮੀ ਨਾਲ ਆਮ ਲੋਕ ਵੱਡੀ ਰਾਹਤ ਮਹਿਸੂਸ ਕਰ ਰਹੇ ਹਨ। ਪੰਜਾਬ ਸਰਕਾਰ ਨੇ 'ਯੁੱਧ ਨਸ਼ਿਆਂ ਵਿਰੁੱਧ' ਮੁਹਿੰਮ ਨੂੰ ਹੋਰ ਤੇਜ਼ ਕਰ ਦਿੱਤਾ ਹੈ ਜਿਸ ਤਹਿਤ ਅੱਜ ਕਈ ਜ਼ਿਲ੍ਹਿਆਂ ਵਿੱਚ ਨਸ਼ਾ ਤਸਕਰਾਂ ਦੀ ਮਲਕੀਅਤ ਵਾਲੀਆਂ ਗੈਰ-ਕਾਨੂੰਨੀ ਉਸਾਰੀਆਂ ਢਾਹੀਆਂ ਗਈਆਂ। ਅੱਜ ਕੀਤੀਆਂ ਗਈਆਂ ਇਨ੍ਹਾਂ ਕਾਰਵਾਈਆਂ ਵਿੱਚ ਜ਼ਿਲ੍ਹਾ ਪੁਲਿਸ ਅਧਿਕਾਰੀਆਂ ਦੀ ਨਿਗਰਾਨੀ ਹੇਠ ਨਵਾਂਸ਼ਹਿਰ ਅਤੇ ਸੁਨਾਮ ਊਧਮ ਸਿੰਘ ਵਾਲਾ ਫ਼ਲਸਤੂਚ ਨਸ਼ਾ ਤਸਕਰਾਂ ਨਾਲ ਸਬੰਧਤ ਨਾਜਾਇਜ਼ ਉਸਾਰੀਆਂ ਨੂੰ ਢਾਹਣਾ ਸ਼ਾਮਲ ਹੈ।

ਨਵਾਂਸ਼ਹਿਰ ਦੇ ਕੱਲਰਾਂ ਮੁਹੱਲੇ ਵਿੱਚ ਸ਼ਹੀਦ ਭਗਤ ਸਿੰਘ ਨਗਰ ਪੁਲਿਸ ਨੇ ਸਥਾਨਕ ਸਿਵਲ ਪ੍ਰਸ਼ਾਸਨ ਦੇ ਸਹਿਯੋਗ ਨਾਲ ਨਸ਼ਾ ਤਸਕਰੀ ਵਿੱਚ ਸ਼ਾਮਲ ਤਿੰਨ ਪਰਿਵਾਰਾਂ ਦੀਆਂ ਗੈਰ-ਕਾਨੂੰਨੀ ਉਸਾਰੀਆਂ ਨੂੰ ਢਾਹ ਦਿੱਤਾ। ਐਸਐਸਪੀ ਡਾ. ਮਹਿਤਾਬ ਸਿੰਘ ਨੇ ਦੱਸਿਆ ਕਿ ਇਹ ਕਾਰਵਾਈ ਬੀਰੋ, ਸ਼ਿੰਦੋ ਅਤੇ ਸੰਤੋਸ਼ ਨਾਮਕ ਔਰਤਾਂ ਵਿਰੁੱਧ ਕੀਤੀ ਗਈ ਹੈ, ਜਿਨ੍ਹਾਂ 'ਤੇ ਸਮੂਹਿਕ ਤੌਰ 'ਤੇ ਕਈ ਕੇਸ ਦਰਜ ਹਨ, ਜਿਨ੍ਹਾਂ ਵਿੱਚੋਂ ਇੱਕ ਪਰਿਵਾਰ ਵਿਰੁੱਧ ਹੀ 14 ਕੇਸ ਦਰਜ ਹਨ। ਉਨ੍ਹਾਂ ਦੱਸਿਆ ਕਿ ਨਾਜਾਇਜ਼ ਉਸਾਰੀਆਂ ਨੂੰ ਢਾਹੁਣ ਦੀ ਇਹ ਕਾਰਵਾਈ ਨਗਰ ਕੌਂਸਲ ਦੀ ਬੇਨਤੀ 'ਤੇ ਕੀਤੀ ਗਈ ਸੀ ਅਤੇ ਨਗਰ ਕੌਂਸਲ ਨੂੰ ਇਨ੍ਹਾਂ ਗੈਰ-ਕਾਨੂੰਨੀ ਉਸਾਰੀਆਂ ਨੂੰ ਢਾਹੁਣ ਲਈ ਪੁਲਿਸ ਸਹਾਇਤਾ ਦੀ ਲੋੜ ਸੀ। ਸਥਾਨਕ ਨਿਵਾਸੀ ਇਨ੍ਹਾਂ ਨਸ਼ਾ ਤਸਕਰਾਂ ਤੋਂ ਬਹੁਤ ਪ੍ਰੇਸ਼ਾਨ ਸਨ ਅਤੇ ਹੁਣ ਪੰਜਾਬ ਸਰਕਾਰ ਦੀ ਇਸ ਕਾਰਵਾਈ ਦਾ ਸਵਾਗਤ ਕਰ ਰਹੇ ਹਨ। ਉਨ੍ਹਾਂ ਅੱਗੇ ਕਿਹਾ ਕਿ ਲੋਕਾਂ ਨੇ ਪੰਜਾਬ ਸਰਕਾਰ ਵੱਲੋਂ ਸੂਬੇ ਵਿੱਚੋਂ ਨਸ਼ਿਆਂ ਨੂੰ ਖਤਮ ਕਰਨ ਲਈ ਕੀਤੇ ਜਾ ਰਹੇ ਇਨ੍ਹਾਂ ਯਤਨਾਂ ਦੀ ਹਮਾਇਤ ਕੀਤੀ ਹੈ। ਇਸ ਦੇ ਨਾਲ ਹੀ ਐਸਐਸਪੀ ਸਰਤਾਜ ਸਿੰਘ ਚਾਹਲ ਦੀ ਨਿਗਰਾਨੀ ਹੇਠ ਸੁਨਾਮ ਊਧਮ ਸਿੰਘ ਵਾਲਾ ਵਿੱਚ ਜ਼ਿਲ੍ਹਾ ਪ੍ਰਸ਼ਾਸਨ ਅਤੇ ਪੁਲਿਸ ਵਿਭਾਗ ਦੀ ਸਾਂਝੀ ਟੀਮ ਨੇ ਅਨਾਜ ਮੰਡੀ ਦੇ ਮੁੱਖ ਗੇਟ ਨੇੜੇ ਨਸ਼ਾ ਤਸਕਰ ਬੁੱਧ ਸਿੰਘ ਉਰਫ ਬੁੱਧੂ ਨਾਲ ਸਬੰਧਤ ਗੈਰ-ਕਾਨੂੰਨੀ ਉਸਾਰੀ ਨੂੰ ਢਾਹ ਦਿੱਤਾ। ਇਸ ਵਿਅਕਤੀ ਨੇ ਮਾਰਕੀਟ ਕਮੇਟੀ ਸੁਨਾਮ ਨਾਲ ਸਬੰਧਤ ਜਗ੍ਹਾ 'ਤੇ ਗੈਰ-ਕਾਨੂੰਨੀ ਕਬਜ਼ਾ ਕੀਤਾ ਹੋਇਆ ਸੀ ਅਤੇ ਕਥਿਤ ਤੌਰ 'ਤੇ ਨਸ਼ੀਲੇ ਪਦਾਰਥਾਂ ਦੀਆਂ ਗਤੀਵਿਧੀਆਂ ਲਈ ਇੱਕ ਘਰ ਅਤੇ ਦੁਕਾਨ ਚਲਾ ਰਿਹਾ ਸੀ। ਉਨ੍ਹਾਂ ਅੱਗੇ ਕਿਹਾ ਕਿ ਉਸ ਵਿਰੁੱਧ ਐਨਡੀਪੀਐਸ ਐਕਟ ਅਤੇ ਆਬਕਾਰੀ ਐਕਟ ਤਹਿਤ ਕਈ ਮਾਮਲੇ ਦਰਜ ਕੀਤੇ ਗਏ ਹਨ। ਦੋਵਾਂ ਐਸਐਸਪੀਜ਼ ਨੇ ਆਪਣੇ ਖੇਤਰਾਂ ਵਿੱਚ ਨਸ਼ੀਲੇ ਪਦਾਰਥਾਂ ਦੇ ਤਸਕਰਾਂ ਨੂੰ ਸਖ਼ਤ ਚੇਤਾਵਨੀਆਂ ਜਾਰੀ ਕਰਦਿਆਂ ਕਿਹਾ ਹੈ ਕਿ ਜਾਂ ਤਾਂ ਨਸ਼ਾ ਤਸਕਰ ਆਪਣੀ ਮਰਜ਼ੀ ਨਾਲ ਨਸ਼ਿਆਂ ਦੀ ਤਸਕਰੀ ਛੱਡ ਦੇਣ ਜਾਂ ਗੰਭੀਰ ਸਿੱਟੇ ਭੁਗਤਣ ਲਈ ਤਿਆਰ ਰਹਿਣ। ਉਨ੍ਹਾਂ ਨੇ ਲੋਕਾਂ ਨੂੰ ਨਸ਼ਿਆਂ ਨਾਲ ਸਬੰਧਤ ਗਤੀਵਿਧੀਆਂ ਬਾਰੇ ਜਾਣਕਾਰੀ ਦੇਣ ਦੀ ਅਪੀਲ ਕਰਦਿਆਂ ਇਨ੍ਹਾਂ ਗੈਰ-ਕਾਨੂੰਨੀ ਗਤੀਵਿਧੀਆਂ ਵਿੱਚ ਸ਼ਾਮਲ ਮੁਲਜ਼ਮਾਂ ਵਿਰੁੱਧ ਫੌਰੀ ਢੰਗ ਨਾਲ ਸਖ਼ਤ ਕਾਰਵਾਈ ਦਾ ਭਰੋਸਾ ਦਿੱਤਾ। ਦੋਵੇਂ ਪੁਲਿਸ ਅਧਿਕਾਰੀਆਂ ਨੇ ਦੁਹਰਾਇਆ ਕਿ ਪੰਜਾਬ ਨੂੰ ਨਸ਼ਾ ਮੁਕਤ ਬਣਾਉਣ ਲਈ ਸਰਕਾਰ ਦੀ ਵਚਨਬੱਧਤਾ ਦੇ ਹਿੱਸੇ ਵਜੋਂ ਨਸ਼ਾ ਤਸਕਰੀ ਦੇ ਨੈੱਟਵਰਕਾਂ ਅਤੇ ਗੈਰ-ਕਾਨੂੰਨੀ ਉਸਾਰੀਆਂ ਵਿਰੁੱਧ ਅਜਿਹੀਆਂ ਕਾਰਵਾਈਆਂ ਜਾਰੀ ਰਹਿਣਗੀਆਂ।



ਲੇਡੀਜ ਟੇਲਰਿੰਗ
*Simple Suit $40 *Lehnga $100
*Lining Suit $70 *Zipper $5 Extra
Shirt with Lining $60 Alteration Starts from $10
ਹਰ ਕਿਸਮ ਦੇ ਪੰਜਾਬੀ ਲੇਡੀਜ ਸੂਟ, ਬਲਾਊਜ, ਲਹਿੰਗਾ ਆਦਿ ਦੀ ਪ੍ਰੋਫੈਸ਼ਨਲ ਸਿਲਾਈ ਅਤੇ ਆਲਟਰੇਸ਼ਨ ਕਰਵਾਉਣ ਲਈ ਮਿਲੋ
604-799-8160
march end

Our Package Starts from
$50 per month
ਪੰਜਾਬ ਗਾਰਡੀਅਨ
Call to Advertise
604.590.5200

ਗੁਰੂ ਨਾਨਕ ਗੁਰਸਿੱਖ ਗੁਰਦੁਆਰਾ
ਲਿੰਡਨ (ਬੈਲਿੰਗਹੈਮ), WA (ਯੂ.ਐਸ.ਏ) (USA)
176 E Pole Road / 6934 Meridian St Lynden, WA. 98264 (Bellingham)

ਹੋਲਾ ਮਹੱਲਾ ਦਿਵਸ ਦੇ ਸਬੰਧ ਵਿਚ ਸੇਵਕ ਪਰਿਵਾਰ ਵੱਲੋਂ 14 ਮਾਰਚ ਦਿਨ ਸ਼ੁੱਕਰਵਾਰ ਸ੍ਰੀ ਅਖੰਡ ਪਾਠ ਸਾਹਿਬ ਆਰੰਭ ਹੋਣਗੇ ਅਤੇ ਭੋਗ 16 ਮਾਰਚ ਦਿਨ ਐਤਵਾਰ ਨੂੰ ਪਾਏ ਜਾਣਗੇ।
ਮੁੱਖ ਸੇਵਾਦਾਰ:ਪਰਮਜੀਤ ਸਿੰਘ ਕੁਲਾਰ: 360-733-6444, ਮੁੱਖ ਵਜ਼ੀਰ ਗਿਆਨੀ ਹਰੀ ਸਿੰਘ ਜੀ 360-398-1184
ਵੱਲੋਂ:ਗੁ. ਪ੍ਰਬੰਧਕ ਕਮੇਟੀ ਤੇ ਸਮੂੰਹ ਇਲਾਕਾ ਨਿਵਾਸੀ

# ਆਮ ਆਦਮੀ ਪਾਰਟੀ ਦੀ ਬੇੜੀ ਡੁੱਬਣ ਲਈ ਤਿਆਰ:ਬਘੇਲ

ਨਵੀਂ ਦਿੱਲੀ:ਕਾਂਗਰਸ ਦੇ ਜਨਰਲ ਸਕੱਤਰ ਅਤੇ ਪੰਜਾਬ ਮਾਮਲਿਆਂ ਦੇ ਇੰਚਾਰਜ ਭੂਪੇਸ਼ ਬਘੇਲ ਨੇ ਅੱਜ ਦਾਅਵਾ ਕੀਤਾ ਹੈ ਕਿ ਆਮ ਆਦਮੀ ਪਾਰਟੀ ਦੇ ਕਈ ਆਗੂ ਪਾਰਟੀ ਛੱਡਣ ਲਈ ਤਿਆਰ ਬੈਠੇ ਹਨ ਅਤੇ 'ਆਪ' ਦੀ ਬੇੜੀ ਡੁੱਬਣ ਵਾਲੀ ਹੈ।'' ਉਹ ਅੱਜ ਇੱਥੇ ਕੁੱਲ ਹਿੰਦ ਕਾਂਗਰਸ ਦੇ ਹੈੱਡਕੁਆਰਟਰ ਇੰਦਰਾ ਭਵਨ ਵਿੱਚ ਪਾਰਟੀ ਦੀ ਪੰਜਾਬ ਇਕਾਈ ਦੀ ਸਿਆਸੀ ਮਾਮਲਿਆਂ ਬਾਰੇ ਕਮੇਟੀ (ਪੀਏਸੀ) ਦੀ ਰਣਨੀਤੀ ਮੀਟਿੰਗ ਤੋਂ ਬਾਅਦ ਪੱਤਰਕਾਰਾਂ ਨਾਲ ਗੱਲਬਾਤ ਕਰ ਰਹੇ ਸਨ। ਇਸ ਦੌਰਾਨ ਪੰਜਾਬ ਕਾਂਗਰਸ ਦੇ ਚੋਟੀ ਦੇ ਆਗੂਆਂ ਨੇ ਪਾਰਟੀ ਨੂੰ ਜ਼ਮੀਨੀ ਪੱਧਰ 'ਤੇ ਮਜ਼ਬੂਤ ਕਰਨ ਅਤੇ ਸੂਬੇ ਦੀ ਆਮ ਆਦਮੀ ਪਾਰਟੀ ਦੀ ਸਰਕਾਰ ਦਾ ਪਰਦਾਫਾਸ਼ ਕਰਨ ਲਈ ਇਕ ਵਿਸ਼ੇਸ਼ ਯੋਜਨਾ ਤਿਆਰ ਕਰਨ ਦੀ ਲੋੜ 'ਤੇ ਜ਼ੋਰ ਦਿੱਤਾ। ਇਸ ਮੀਟਿੰਗ ਵਿੱਚ ਪੰਜਾਬ ਵਿਧਾਨ ਸਭਾ 'ਚ ਵਿਰੋਧੀ ਧਿਰ ਦੇ ਨੇਤਾ ਪ੍ਰਤਾਪ ਸਿੰਘ ਬਾਜਵਾ ਅਤੇ ਪੰਜਾਬ ਕਾਂਗਰਸ ਦੇ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਸਣੇ ਕਈ ਆਗੂ ਸ਼ਾਮਲ ਹੋਏ।

ਬਘੇਲ ਨੇ ਕਿਹਾ, ''ਅਸੀਂ ਕੁੱਲ ਹਿੰਦ ਕਾਂਗਰਸ ਦੀਆਂ ਹਦਾਇਤਾਂ ਮੁਤਾਬਕ ਸੰਗਠਨ ਨੂੰ ਜ਼ਮੀਨੀ ਪੱਧਰ 'ਤੇ ਮਜ਼ਬੂਤ ਕਰਨ ਦੇ ਤਰੀਕਿਆਂ ਬਾਰੇ ਚਰਚਾ ਕੀਤੀ। ਪੰਜਾਬ ਵਿੱਚ ਕਾਂਗਰਸ ਬਹੁਤ ਮਜ਼ਬੂਤ ਹੈ ਪਰ ਇਸ ਦੇ ਸੂਖਮ ਪ੍ਰਬੰਧਨ ਦੀ ਲੋੜ ਹੈ।

ਅਸੀਂ ਪਾਰਟੀ ਨੂੰ ਮਜ਼ਬੂਤ ਬਣਾਉਣ ਦਾ ਸੁਨੇਹਾ ਦਿੱਤਾ ਹੈ ਅਤੇ ਹਰੇਕ ਆਗੂ ਨੇ ਖੁੱਲ੍ਹ ਕੇ ਆਪਣੀ ਗੱਲ ਰੱਖੀ ਹੈ।'' ਉਨ੍ਹਾਂ ਕਿਹਾ ਕਿ ਅਗਲੀ ਮੀਟਿੰਗ ਵਿੱਚ ਪੰਜਾਬ ਕਾਂਗਰਸ ਪੰਜਾਬ ਸਰਕਾਰ ਖ਼ਿਲਾਫ਼ ਆਪਣਾ ਏਜੰਡਾ ਤਿਆਰ ਕਰੇਗੀ ਜਿਸ ਨੂੰ ਬੂਥ ਪੱਧਰ 'ਤੇ ਲਿਜਾਇਆ ਜਾਵੇਗਾ।

ਉਨ੍ਹਾਂ ਕਿਹਾ ਕਿ ਪਾਰਟੀ ਆਗੂਆਂ ਲਈ ਇਕ ਸਿਖਲਾਈ ਪ੍ਰੋਗਰਾਮ ਕਰਵਾਇਆ ਜਾਵੇਗਾ ਅਤੇ ਬੂਥ ਪੱਧਰੀ ਕਮੇਟੀਆਂ ਬਣਾਈਆਂ ਜਾਣਗੀਆਂ। ਉਨ੍ਹਾਂ ਕਿਹਾ, ''ਅਸੀਂ ਕਿਸਾਨਾਂ, ਨੌਜਵਾਨਾਂ, ਮਹਿਲਾਵਾਂ, ਦਲਿਤਾਂ ਅਤੇ ਨਸ਼ਿਆਂ ਨਾਲ ਸਬੰਧਤ ਮੁੱਦਿਆਂ ਨੂੰ ਲੈ ਕੇ ਲੜ ਰਹੇ ਹਾਂ।''

ਬਘੇਲ ਨੇ ਮੀਡੀਆ ਨਾਲ ਗੱਲਬਾਤ ਦੌਰਾਨ ਉਨ੍ਹਾਂ ਖ਼ਬਰਾਂ ਨੂੰ ਅਫ਼ਵਾਹ ਕਰਾਰ ਦਿੱਤਾ ਜਿਨ੍ਹਾਂ ਵਿੱਚ ਕਿਹਾ ਗਿਆ ਸੀ ਕਿ ਪੰਜਾਬ ਕਾਂਗਰਸ ਬਾਰੇ ਇਕ ਅੰਦਰੂਨੀ ਰਿਪੋਰਟ ਕਾਂਗਰਸ ਦੀ ਲੀਡਰਸ਼ਿਪ ਨੂੰ ਸੌਂਪੀ ਗਈ ਹੈ। ਉਨ੍ਹਾਂ ਕਿਹਾ, ''ਇਹ ਸੰਗਠਨ ਨੂੰ ਮਜ਼ਬੂਤ ਕਰਨ ਦਾ ਸਾਲ ਹੈ, ਇਸ ਵਾਸਤੇ ਸਾਰਿਆਂ ਨੇ ਉਸੇ ਦਿਸ਼ਾ ਵਿੱਚ ਆਪਣੇ ਵਿਚਾਰ ਰੱਖੇ।''













# ਖਾਲਿਸਤਾਨ ਸਾਡਾ ਹੱਕ ਹੈ




ਐਤਵਾਰ 09 ਮਾਰਚ ਨੂੰ ਗੁਰਦੁਆਰਾ ਸਿੰਘ ਸਭਾ ਰੈਟਨ ਵਿਖੇ ਹਰਦੀਪ ਸਿੰਘ (ਹੈਰੀ ਸੰਘਾ)ਅਤੇ ਹੋਰ ਪਤਵੰਤੇ ਸੱਜਣਾਂ ਵੱਲੋਂ ਇੱਕ ਨੌਜਵਾਨਾਂ ਦਾ ਭਾਰੀ ਇੱਕਠ ਸੱਦ ਕੇ ੨੬ ਮਾਰਚ ਲਾਸ ਏਂਜਲਸ ਚ ਹੋ ਰਹੇ ਰਿਫਰੈਂਡਮ ਦੀ ਜਾਣਕਾਰੀ ਸਾਂਝੀ ਕੀਤੀ ਗਈ। ਭਾਰੀ ਰੋਸ ਮੁਜ਼ਾਹਰਾ ਕਰਕੇ ਭਾਵਕਤਾ ਨਾਲ ਹੋ ਰਹੇ ਅੱਤਿਆਚਾਰ ਦੇ ਬਾਰੇ ਦੱਸਿਆ ਕਿ 1984 'ਚ ਜੋ ਇੰਡੀਆ ਦੀ ਆਰਮੀ ਵੱਲੋਂ ਬਿਲਿਊ ਸਟਾਰ ਆਪ੍ਰੇਸ਼ਨ ਕੀਤਾ ਉਹ ਜ਼ਖ਼ਮ ਅੱਜ ਵੀ ਅੱਲੇ ਹਨ। ਖਾਲਿਸਤਾਨ ਦੇ ਨਾਅਰੇ ਲਗਾ ਕੇ ਪਰਦਰਸ਼ਨ ਕੀਤਾ ਗਿਆ। ਖਾਲਿਸਤਾਨ ਦੇ ਪੋਸਟਰ ਲਗਾ ਕੇ 26 ਮਾਰਚ ਨੂੰ ਵਹੀਰਾਂ ਘੱਤ ਕੇ ਪਹੁੰਚਣ ਦਾ ਸੱਦਾ ਦਿੱਤਾ ਗਿਆ। ਉਸ ਵਕਤ ਪਲਵਿੰਦਰ ਸਿੰਘ ਨੇ ਸੰਬੋਧਨ ਹੁੰਦਿਆ ਦੱਸਿਆ ਕਿ ਰਾਜ ਕਰੇਗਾ ਖ਼ਾਲਸੇ ਦਾ ਸੁਪਨਾ ਅਸੀ ਪੂਰਾ ਕਰਾਂਗੇ ਜਲਦ ਹੀ ਦੁਨੀਆ ਦੇ ਨਕਸ਼ੇ ਤੇ ਖਾਲਿਸਤਾਨ ਦੇਸ਼ ਆਵੇਗਾ। ਪੰਥਕ ਏਕਤਾ ਦਾ ਸੁਨੇਹਾ ਦੇ ਕੇ ਇੱਕਮੁੱਠ ਹੋਣ ਦੀ ਅਪੀਲ ਕੀਤੀ।

# ਸ਼ਾਹਜਹਾਂਪੁਰ ਦੀ 'ਲਾਟ ਸਾਹਿਬ' ਹੋਲੀ ਮੌਕੇ ਮਸਜਿਦਾਂ ਨੂੰ ਤਰਪਾਲ ਨਾਲ ਢੱਕਿਆ



ਸ਼ਾਹਜਹਾਂਪੁਰ (ਯੂ.ਪੀ.):ਸ਼ਾਹਜਹਾਂਪੁਰ 'ਚ ਹੋਲੀ ਦੇ ਸ਼ਾਂਤੀਪੂਰਨ ਜਸ਼ਨ ਨੂੰ ਯਕੀਨੀ ਬਣਾਉਣ ਲਈ, ਰਵਾਇਤੀ 'ਲਾਟ ਸਾਹਿਬ' ਹੋਲੀ ਜਲੂਸ ਦੇ ਰਸਤੇ ਦੇ ਨਾਲ ਲਗਦੀਆਂ ਮਸਜਿਦਾਂ ਨੂੰ ਤਰਪਾਲਾਂ ਨਾਲ ਢੱਕ ਦਿਤਾ ਗਿਆ ਹੈ ਅਤੇ ਸਖ਼ਤ ਸੁਰੱਖਿਆ ਉਪਾਅ ਕੀਤੇ ਗਏ ਹਨ। ਨਗਰ ਨਿਗਮ ਕਮਿਸ਼ਨਰ ਵਿਪਿਨ ਕੁਮਾਰ ਮਿਸ਼ਰਾ ਨੇ ਕਿਹਾ, ''ਅਸੀਂ ਜਲੂਸ ਦੇ ਰਸਤੇ 'ਤੇ ਲਗਭਗ 350 ਸੀ.ਸੀ.ਟੀ.ਵੀ. ਅਤੇ ਸਟਿਲ ਕੈਮਰੇ ਲਗਾਏ ਹਨ।

ਇਸ ਤੋਂ ਇਲਾਵਾ, ਰਸਤੇ 'ਤੇ ਲਗਭਗ 20 ਮਸਜਿਦਾਂ ਨੂੰ ਤਰਪਾਲਾਂ ਨਾਲ ਢੱਕ ਦਿਤਾ ਗਿਆ ਹੈ ਤਾਂ ਜੋ ਇਨ੍ਹਾਂ 'ਤੇ ਰੰਗਾਂ ਦਾ ਦਾਗ ਨਾ ਲੱਗੇ।'' ਇਹ ਜਲੂਸ 1728 ਤੋਂ ਚਲਦਾ ਆ ਰਿਹਾ ਹੈ, ਜਿਸ ਵਿਚ ਲੋਕ ਬੈਲ ਗੱਡੀ 'ਤੇ ਬੈਠੇ ਬ੍ਰਿਟਿਸ਼ ਲਾਰਡ ਲਾਟ ਸਾਹਿਬ ਦੇ ਰੂਪ ਵਿਚ ਇਕ ਵਿਅਕਤੀ 'ਤੇ ਜੁੱਤੇ ਸੁੱਟਦੇ ਹਨ।

# ਸਰੀ ਸਿਟੀ ਵੱਲੋਂ ਡਿਵੈਲਪਮੈਂਟ ਪਰਮਿਟ ਪ੍ਰਕਿਰਿਆ ਨੂੰ ਆਧੁਨਿਕ ਬਣਾਉਣ ਲਈ ਆਨਲਾਈਨ ਸੇਵਾਵਾਂ ਵਿੱਚ ਵਾਧਾ

ਸਰੀ(ਪ੍ਰਭਜੋਤ ਕਾਹਲੋਂ):ਸੋਮਵਾਰ ਦੀ ਕੌਂਸਲ ਮੀਟਿੰਗ ਵਿੱਚ, ਸਰੀ ਸਿਟੀ ਕੌਂਸਲ ਨੇ ਵਿਕਾਸ ਅਤੇ ਪਰਮਿਟਿੰਗ ਪ੍ਰਕਿਰਿਆ ਨੂੰ ਹੋਰ ਸੁਧਾਰਨ ਅਤੇ ਤੇਜ਼ ਕਰਨ ਲਈ ਮਹੱਤਵਪੂਰਨ ਕਦਮ ਚੁੱਕੇ। ਜੋ ਆਨਲਾਈਨ ਪਰਮਿਟਿੰਗ ਸੇਵਾਵਾਂ ਦਾ ਵਿਸਤਾਰ ਅਤੇ ਕਿਰਾਏਦਾਰ ਸੁਧਾਰ ਪ੍ਰਵਾਨਗੀ ਪ੍ਰਕਿਰਿਆ ਨੂੰ ਸਰਲ ਬਣਾਉਣ 'ਤੇ ਕੇਂਦਰਿਤ ਹਨ।ਮੇਅਰ ਬਰੈਂਡਾ ਲੌਕ ਨੇ ਕਿਹਾ, "ਕੌਂਸਲ ਅਰਜ਼ੀ ਦੇ ਜਮ੍ਹਾ ਕਰਨ ਤੋਂ ਲੈ ਕੇ ਪਰਮਿਟ ਜਾਰੀ ਕਰਨ ਅਤੇ ਕਿਰਾਏਦਾਰ ਸੁਧਾਰ ਪ੍ਰਵਾਨਗੀ ਪ੍ਰਕਿਰਿਆ, ਨੂੰ ਤੇਜ਼ ਅਤੇ ਪ੍ਰਭਾਵਸ਼ਾਲੀ ਬਣਾਉਣ ਲਈ ਵਚਨਬੱਧ ਹੈ, ਤਾਂ ਜੋ ਨਵੇਂ ਘਰ ਅਤੇ ਵਪਾਰਕ ਮੌਕੇ ਜਲਦੀ ਮਾਰਕਿਟ ਵਿੱਚ ਆ ਸਕਣ"। "ਸਾਡਾ ਟੀਚਾ  ਹੀ ਅਰਜ਼ੀ ਤੋਂ ਪਰਮਿਟ ਜਾਰੀ ਕਰਨ ਦੇ ਸਮੇਂ ਨੂੰ ਘੱਟ ਤੋਂ ਘੱਟ ਕਰਨਾ ਹੈ। ਡਿਵੈਲਪਮੈਂਟ ਅਰਜ਼ੀਆਂ ਨੂੰ ਆਨਲਾਈਨ ਸੇਵਾਵਾਂ ਦਾ ਵਿੱਚ ਸ਼ਾਮਲ ਕਰਨਾ, ਆਧੁਨਿਕਤਾ ਅਤੇ ਕਾਰਜਕੁਸ਼ਲਤਾ ਵੱਲ ਇੱਕ ਵੱਡਾ ਕਦਮ ਹੈ।" ਇਹ ਮਹੱਤਵਪੂਰਨ ਬਦਲਾਅ ਸਾਨੂੰ ਪੂਰੀ ਤਰ੍ਹਾਂ ਆਨਲਾਈਨ ਪਰਮਿਟਿੰਗ ਸਿਸਟਮ ਦੇ ਨੇੜੇ ਲਿਆਉਂਦੇ ਹਨ ਜੋ ਪਾਰਦਰਸ਼ੀ, ਪਹੁੰਚਯੋਗ ਅਤੇ ਵਰਤਣ ਵਿੱਚ ਸੌਖਾ ਹੈ।"

**ਆਨਲਾਈਨ ਸੇਵਾਵਾਂ ਹੁਣ ਡਿਵੈਲਪਮੈਂਟ ਅਰਜ਼ੀਆਂ ਲਈ ਵੀ ਉਪਲਬਧ:**ਸ਼ਹਿਰ ਦੀਆਂ ਆਨਲਾਈਨ ਪਰਮਿਟਿੰਗ ਸੇਵਾਵਾਂ ਵਿੱਚ ਡਿਵੈਲਪਮੈਂਟ ਅਰਜ਼ੀਆਂ ਨੂੰ ਸ਼ਾਮਲ ਕਰਨ ਲਈ ਵਿਸਤਾਰ ਕੀਤਾ ਗਿਆ ਹੈ। ਇਹ ਪਹਿਲੀ ਵਾਰ ਹੈ ਕਿ ਡਿਵੈਲਪਮੈਂਟ ਅਰਜ਼ੀਆਂ, ਜਿਵੇਂ ਕਿ ਰੀਜ਼ੋਨਿੰਗ ਅਤੇ ਸਬਡਵੀਜ਼ਨ ਅਰਜ਼ੀਆਂ, ਆਨਲਾਈਨ ਕੀਤੀਆਂ ਜਾ ਰਹੀਆਂ ਹਨ। ਇਹ ਪਹਿਲਾਂ ਦਿੱਤੀਆਂ ਜਾ ਰਹੀਆਂ ਆਨਲਾਈਨ ਸੇਵਾਵਾਂ  ਜਿਵੇਂ ਕਿ ਮਲਟੀ-ਫੈਮਲੀ ਅਤੇ ਗੁੰਝਲਦਾਰ ਬਿਲਡਿੰਗ ਪਰਮਿਟ, ਇਲੈਕਟ੍ਰੀਕਲ ਪਰਮਿਟ, ਪਲੰਬਿੰਗ ਪਰਮਿਟ, ਸਾਈਨ ਪਰਮਿਟ ਅਤੇ ਇੰਸਪੈਕਸ਼ਨ ਬੇਨਤੀਆਂ ਦੀ ਸਫਲਤਾ ਉਪਰੰਤ ਸ਼ੁਰੂ ਕੀਤੀਆਂ ਗਈਆਂ ਹਨ।ਆਨਲਾਈਨ ਵਿਕਾਸ ਅਰਜ਼ੀਆਂ ਲਈ ਅਗਲਾ ਕਦਮ ਸਮੀਖਿਆ, ਰੈਫਰਲ ਟਿੱਪਣੀਆਂ, ਅਤੇ ਸੁਧਾਰ ਯੋਗ ਪ੍ਰਵਾਨਗੀ ਟੀਚੇ ਸ਼ਾਮਲ ਹੋਣਗੇ। ਅਰਜ਼ੀਕਰਤਾ ਆਪਣੇ ਅਰਜ਼ੀ ਦੀ ਸਥਿਤੀ ਨੂੰ ਟਰੈਕ ਕਰ ਸਕਣਗੇ ਅਤੇ ਇਹ ਸਮਝ ਸਕਣਗੇ ਕਿ ਉਨ੍ਹਾਂ ਦੀ ਅਰਜ਼ੀ ਨੂੰ ਅੱਗੇ ਵਧਾਉਣ ਲਈ ਕੀ ਤਬਦੀਲੀਆਂ ਲੋੜੀਂਦੀਆਂ ਹਨ। ਇਹ ਅਰਜ਼ੀਕਰਤਾ ਅਤੇ ਕਰਮਚਾਰੀਆਂ ਵਿਚਕਾਰ ਤਾਲਮੇਲ ਵਿੱਚ ਸੁਧਾਰ ਲਿਆਉਣਗੇ, ਜਿਸ ਨਾਲ ਪ੍ਰਕਿਰਿਆ ਦੀ ਸਮਾਂ-ਸੂਚੀ ਵਿੱਚ ਹੋਰ ਸੁਧਾਰ ਹੋ ਸਕੇਗਾ।

**ਕਿਰਾਏਦਾਰ ਸੁਧਾਰ ਲਈ ਮਨਜ਼ੂਰੀ ਪ੍ਰਕਿਰਿਆ ਦਾ ਆਧੁਨਿਕੀਕਰਨ:**ਕੌਂਸਲ ਨੇ ਇੱਕ ਆਧੁਨਿਕ ਮਨਜ਼ੂਰੀ ਪ੍ਰਕਿਰਿਆ ਨੂੰ ਅਪਣਾਉਣ ਦੀ ਮਨਜ਼ੂਰੀ ਦਿੱਤੀ, ਜਿਸ ਨਾਲ ਕਿਰਾਏਦਾਰ ਸੁਧਾਰ (Tenant Improvements) ਲਈ ਪ੍ਰਕਿਰਿਆ ਨੂੰ ਤੇਜ਼ ਅਤੇ ਸਰਲ ਬਣਾਇਆ ਜਾਵੇਗਾ। ਕੁੱਝ ਕਿਰਾਏਦਾਰ ਸੁਧਾਰ ਇਮਾਰਤ ਇਜਾਜ਼ਤ ਅਰਜ਼ੀਆਂ, ਜਿਵੇਂ ਕਿ ਘੱਟ ਪੈਮਾਨੇ 'ਤੇ ਵਪਾਰਕ ਇੰਟੀਰੀਅਰ ਸੁਧਾਰ, ਹੋਰਾਂ ਨਾਲੋਂ ਘੱਟ ਜਟਿਲ ਹੁੰਦੀਆਂ ਹਨ। ਨਵਾਂ "ਮਾਈਨਰ ਟੈਨੈਂਟ ਇੰਪਰੂਵਮੈਂਟ ਪ੍ਰੋਗਰਾਮ" ਆਮ ਤੌਰ 'ਤੇ ਘੱਟ ਵਿਸ਼ਲੇਸ਼ਣ ਦੀ ਲੋੜ ਰੱਖੇਗਾ ਅਤੇ ਸਿਟੀ ਇੰਸਪੈਕਟਰਾਂ ਦੁਆਰਾ ਪੂਰੀਆਂ ਕੀਤੀਆਂ ਗਈਆਂ ਆਨ-ਸਾਈਟ ਸਮੀਖਿਆਵਾਂ ਦੁਆਰਾ ਸਹਾਇਤਾ ਕੀਤੀ ਜਾ ਸਕਦੀ ਹੈ।ਇਨ੍ਹਾਂ ਬਿਲਡਿੰਗ ਪਰਮਿਟਾਂ ਲਈ ਸਮਾਂ-ਸੀਮਾ 2-3 ਕਾਰੋਬਾਰੀ ਦਿਨ ਹੋਵੇਗੀ।ਇਸ ਉਪਰਾਲੇ ਲਈ ਇੱਕ ਵਿਸ਼ੇਸ਼ ਟੀਮ ਨਿਯੁਕਤ ਕੀਤੀ ਜਾਵੇਗੀ, ਜੋ ਮੁੱਖ ਤੌਰ 'ਤੇ ਟੈਨੈਂਟ ਇੰਪਰੂਵਮੈਂਟ ਪਰਮਿਟਾਂ 'ਤੇ ਧਿਆਨ ਕੇਂਦਰਿਤ ਕਰੇਗੀ।ਇਸ ਤੋਂ ਇਲਾਵਾ, ਸਰਲ ਚੈੱਕ ਲਿਸਟ, ਵੈੱਬਸਾਈਟ ਸਹਾਇਤਾ ਅਤੇ ਇੱਕ ਫਲੈਟ ਅਰਜ਼ੀ ਫ਼ੀਸ ਲਾਗੂ ਕੀਤੀ ਜਾਵੇਗੀ, ਤਾਂ ਜੋ ਪ੍ਰਕਿਰਿਆ ਨੂੰ ਹੋਰ ਆਸਾਨ ਬਣਾਇਆ ਜਾ ਸਕੇ।ਪਲੈਨਿੰਗ ਅਤੇ ਡਿਵੈਲਪਮੈਂਟ ਵਿਭਾਗ ਦੇ ਜਨਰਲ ਮੈਨੇਜਰ ਰੌਨ ਗਿੱਲ ਨੇ ਕਿਹਾ, "ਸੋਮਵਾਰ ਦੀ ਕੌਂਸਲ ਦੀ ਮੀਟਿੰਗ ਵਿੱਚ ਪੇਸ਼ ਕੀਤੀਆਂ ਪਹਿਲਕਦਮੀਆਂ, ਡਿਵੈਲਪਮੈਂਟ ਅਤੇ ਪਰਮਿਟ ਪ੍ਰਕਿਰਿਆ ਨੂੰ ਸੁਚਾਰੂ ਅਤੇ ਸਰਲ ਬਣਾਉਣ ਲਈ ਸਟਾਫ਼ ਦੀ ਲਗਾਤਾਰ ਦ੍ਰਿੜ੍ਹਤਾ ਨੂੰ ਦਰਸਾਉਂਦੀਆਂ ਹਨ"। "ਆਨਲਾਈਨ ਸੇਵਾਵਾਂ ਵਿੱਚ ਹੋਰ ਅਰਜ਼ੀਆਂ ਨੂੰ ਸ਼ਾਮਲ ਕਰਨਾ, ਪਰਮਿਟ ਪ੍ਰਕਿਰਿਆ ਰਾਹੀਂ ਬਿਨੈਕਾਰਾਂ ਨਾਲ ਕੰਮ ਕਰਨਾ ਅਤੇ ਇਹ ਯਕੀਨੀ ਬਣਾਉਣਾ ਕਿ ਅਰਜ਼ੀਕਰਤਾਵਾਂ ਕੋਲ ਪ੍ਰਵਾਨਗੀ ਪ੍ਰਕਿਰਿਆ ਨੂੰ ਕੁਸ਼ਲਤਾ ਨਾਲ ਨੇਵੀਗੇਟ ਕਰਨ ਲਈ ਸਪੱਸ਼ਟ ਅਤੇ ਪਹੁੰਚਯੋਗ ਜਾਣਕਾਰੀ ਹੋਵੇ। ਇਹ ਵਿਸਤਾਰ ਵਿਭਿੰਨ ਸ਼੍ਰੇਣੀ ਅਰਜ਼ੀਆਂ ਤੋਂ ਲੈ ਕੇ ਪਰਮਿਟ ਦੇਣ ਅਤੇ ਨਿਰੀਖਣਾਂ ਤੱਕ ਦੇ ਤਜ਼ਰਬੇ ਨੂੰ ਮਿਆਰੀ ਬਣਾਉਣ ਅਤੇ ਸੁਧਾਰਨ ਵਿੱਚ ਮੱਦਦ ਕਰੇਗਾ"।ਸਰੀ ਵਿੱਚ ਹੋ ਰਹੇ ਵਿਕਾਸ ਅਤੇ ਪਰਮਿਟਿੰਗ ਸੁਧਾਰਾਂ ਬਾਰੇ ਹੋਰ ਜਾਣਕਾਰੀ ਲਈ ਸਿਟੀ ਦੀ ਵੈੱਬਸਾਈਟ 'ਤੇ ਜਾਓ।

ਆਪਣੇ ਵਪਾਰ ਦੇ ਵਾਧੇ ਲਈ
ਇਸ਼ਤਿਹਾਰ ਪਾਉਣ ਲਈ ਫੋਨ
ਕਰੋ:604-590-5200

ਸਿੰਘ ਸਭਾ ਗੁਰਦੁਆਰਾ
591 Telegraph Rd, Bellingham WA 98226




16 ਮਾਰਚ ਦਿਨ ਐਤਵਾਰ ਸੁਖਮਨੀ ਸਾਹਿਬ ਦੇ ਪਾਠ, ਕੀਰਤਨ ਅਤੇ ਲੰਗਰਾਂ ਦੀ ਸੇਵਾ ਸਮੂਹ ਸੰਗਤ ਵੱਲੋਂ ਹੋਵੇਗੀ।
ਸਵੇਰੇ 9 ਵਜੇ ਤੋਂ 10.30 ਵਜੇ ਤੱਕ ਸੁਖਮਨੀ ਸਾਹਿਬ ਦੇ ਪਾਠ ਹੋਣਗੇ ਉਪਰੰਤ ਕੀਰਤਨ ਦਰਬਾਰ ਸਜਣਗੇ।
ਆਪ ਸਭ ਸੰਗਤ ਨੇ ਪਰਿਵਾਰ ਸਮੇਤ ਦਰਸ਼ਨ ਦੇਣ ਦੀ ਕ੍ਰਿਪਾਲਤਾ ਕਰਨੀ ਜੀ
ਅੰਮ੍ਰਿਤ ਵੇਲੇ ਦਾ ਸਮਾਂ: ਪ੍ਰਕਾਸ਼ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ 5 ਵਜੇ    ਨਿਤਨੇਮ 5:15 -6:15 ਵਜੇ ਤੱਕ    ਆਸਾ ਦੀ ਵਾਰ 6:15-7:00 ਵਜੇ ਤੱਕ
ਸ਼ਾਮ ਦਾ ਨਿਤਨੇਮ: ਸ਼ਾਮ 5 ਵਜੇ ਤੋਂ 6 ਵਜੇ ਤੱਕ
ਰਾਗੀ ਜਥਾ:ਭਾਈ ਸਵਰਨ ਸਿੰਘ ਮਿੱਠਾ ਟਿਵਾਣਾ 360-961-6316
ਪ੍ਰੋਗਰਾਮ ਬੁੱਕ ਕਰਨ ਲਈ ਸੰਪਰਕ ਕਰ ਸਕਦੇ ਹੋ:360-306-8719

## Over 30 Years of Industry Experience

# MULTANI LAW GROUP

ਆਪਣੀ ਪ੍ਰੇਸ਼ਾਨੀ ਨੂੰ ਘਟਾਉਣ, ਆਪਣਾ ਹੱਕ ਲੈਣ ਅਤੇ ਆਪਣੀ ਜ਼ਿੰਦਗੀ ਨੂੰ ਸਹੀ ਰਸਤੇ ਤੇ ਲਿਆਉਣ ਲਈ ਸਾਡੇ ਨਾਲ ਸੰਪਰਕ ਕਰੋ



Gerald F. Robison
Senior Attorney

MULTANI LAW GROUP

**Jashan Multani**

**206-243-4219**



Jashan Multani
Associate Partner

## ਅਸੀਂ ਭਰੋਸੇਯੋਗ ਕਾਨੂੰਨੀ ਸਲਾਹ ਪ੍ਰਦਾਨ ਕਰਦੇ ਹਾਂ

**Services we provide:**

- Immigration/Political Asylum
  U-Visa, Vawa,
- SIJ Guardianship Cases
- Car Accidents/Personal Injury
- Evictions

**ਅਸੀਂ ਇਹ ਸੇਵਾਵਾਂ ਪ੍ਰਦਾਨ ਕਰਦੇ ਹਾਂ**

-ਇੰਮੀਗਰੇਸ਼ਨ/ਪੁਲਿਟੀਕਲ ਅਸਾਈਲਮ,
ਯੂ-ਵੀਜਾ, ਵਾਅਵਾ,
-SIJ ਗਾਰਡੀਅਨਸ਼ਿਪ ਕੇਸ
-ਕਾਰ ਐਕਸੀਡੈਂਟ/ਪ੍ਰਸਨਲ ਇਨਜਰੀ
-ਕਿਰਾਏਦਾਰ ਕੱਢਣਾ

**Website:multanilawgroup.com**

**Email:Jashan@multanilawgroup.com**

***Add: 512 West Meeker St, Kent, WA 98032***

ਸਿਆਟਲ ਨਿਵਾਸੀਆਂ ਦਾ ਜਾਣਿਆਂ ਪਹਿਚਾਣਿਆਂ ਤੇ ਭਰੋਸੇਮੰਦ

# USA TRAVEL

## FLY from Seattle to India

### We Represent All Major Airlines

TURKISH AIRLINES

QATAR AIRWAYS القطرية

DELTA

Emirates

Lufthansa



Lowest Fare Guaranteed

We will beat any fare given in Kent/Seattle Area by Any Travel Agency

24 Hr Emergency
Call Amit Juneja: 206-992-2724



*Now 2 Locations To Serve You*

23609 104th Ave SE #101, Kent WA 98031
Ph: 253-867-0450 | 253-867-0451
1729 208th St Suite #202, Bothell WA 98012
Ph: 425-420-1888 | 425-420-1889
Email: info@usatravelguru.com
Website: www.usatravelguru.com

## *India Special FARES*

**USA Travel Services is your one-stop shop for all of your travel needs.**

- Power of Attorney,
- Affidavits, Passports,
- Renunciations
- OCI • Notary Public •
- Translation - Hindi / Punjabi
- Uk & India Online Visa Available

- ਮੁਖਤਿਆਰਨਾਮਾ,
- ਐਫੀਡੈਵਿਟ, ਪਾਸਪੋਰਟ,
- ਓ.ਸੀ.ਆਈ.
- ਨੋਟਰੀ ਪਬਲਿਕ
- ਪੰਜਾਬੀ ਇੰਗਲਿਸ਼ ਦੀ ਟ੍ਰਾਂਸਲੇਸ਼ਨ
- ਇੰਡੀਆ ਦਾ ਵੀਜ਼ਾ ਅਤੇ ਪਾਸਪੋਰਟ ਬਣਵਾਉ






OPEN 6 DAYS A WEEK,
TUESDAY CLOSED

OPENING HOURS
Lunch hours from 11am -2:30pm
Dinner Hours from 5pm-9pm, Last Seating is 8:30pm

The Only True Punjabi (Indian) Vegetarian In Renton



← New Pabla Ready To Eat Frozen Cuisine Available →
Renton Location has Full Grocery Store & Sweet Shop
East Indian Spices, Dairy Products,
ਤੁਸੀਂ ਇਥੋਂ ਤਾਜਾ ਸਵਾਦਲੀਆਂ ਮਠਿਆਈਆਂ ਖਰੀਦ ਸਕਦੇ ਹੋ



ਪਾਬਲਾ ਇੰਡੀਅਨ ਕੁਜ਼ੀਨ ਦੀ ਰੈਂਟਨ ਵਾਲੀ ਲੋਕੇਸ਼ਨ ਤੋਂ ਤੁਸੀਂ ਹਰ ਤਰ੍ਹਾਂ ਦੀ ਭਾਰਤੀ ਗਰੋਸਰੀ, ਮਿਠਾਈ, ਇੰਡੀਅਨ ਮਸਾਲੇ ਡੇਅਰੀ ਲੈ ਸਕਦੇ ਹੋ।

# Pabla Indian Cuisine

Phone: 425-228-4625 Fax: 425-228-4629
Serving Washington for 27 years.
www.pablacuisine.com
pablacuisine@gmail.com

LIFE INSURANCE | RETIREMENT PLANNING



Parmeet Pabla
Financial Services Professional*

NEW YORK LIFE

Build strong financial strategies for your family and your business.

- Life Insurance
- 529 College Saving Plan*
- IRA/401K Planning*
- Mutual Funds*
- Business Planning
- Estate Conservation
- Disability Insurance

New York Life Offers a Variety of Life Insurance and Financial Products


Company:10885 NE 4th ST Unit 1400 Bellevue, WA 98004 Ph:425-462-4800
Ph:206-992-5766 Text:360-472-4367
*Licensed Agent pspabla@ft.newyorklife.com

# PABLA PUNJABI PALACE

2nd Location Now Open in Federal Way, WA
2020 S 314th St, Federal Way, WA 98003 (Hillside Plaza)
• Marriage Parties • Birthday Parties • Mehndi Parties • Business Meetings • Any Kind Of Functions

Specials: Take out 7 Days a week
DJ, Dance Floor, Catering for
All Occasions, Big TV Screens & Family Atmosphere

Seating for 1200 people



ਹੁਣ ਤੁਸੀਂ ਇਸ ਲੋਕੇਸ਼ਨ ਤੋਂ ਇੰਡੀਅਨ ਗਰੌਸਰੀ ਅਤੇ ਮਠਿਆਈਆਂ ਵੀ ਲੈ ਸਕਦੇ ਹੋ
For booking your event Please call Jas pabla At
Ph: 206-769-5559 Email: pablajas@yahoo.com

# PIZZA STATION

15300 33rd Ave S. Suite130, Seatac WA

10% Off All Orders

ਇਥੋਂ ਤੁਸੀਂ ਤਾਜੇ ਅਦਰਕ ਧਨੀਏ ਵਾਲੇ ਪੀਜੇ ਦੇ ਨਾਲ-ਨਾਲ ਭਾਰਤੀ ਗਰੌਸਰੀ ਵੀ ਬਹੁਤ ਘੱਟ ਕੀਮਤਾਂ ਤੇ ਖਰੀਦ ਸਕਦੇ ਹੋ।



PH:206-644-4133
Sun to Thurs: 10 am-10 pm
Fri/Sat: 10 am to 11pm
Email:info@pizzastationwa.com

# Boulevard Market



ਇੰਡੀਅਨ ਗਰੌਸਰੀ ਅਤੇ ਤਾਜੀਆਂ ਸਬਜੀਆਂ/ਫਲਾਂ ਦਾ ਸਟੋਰ ਜਿੱਥੋਂ ਤੁਸੀਂ ਸਭ ਤੋਂ ਘੱਟ ਕੀਮਤਾਂ ਤੇ ਬਹੁਤ ਹੀ ਸਾਫ ਸੁਥਰੀਆਂ ਦਾਲਾਂ ਅਤੇ ਤਾਜੀਆਂ ਸਬਜੀਆਂ, ਹਰ ਪ੍ਰਕਾਰ ਦੀ ਗਰੌਸਰੀ ਖਰੀਦ ਸਕਦੇ ਹੋ, ਸਬਜੀਆਂ ਤੇ ਫਲ ਫਰੂਟ ਹਰ ਰੋਜ ਤਾਜੇ ਮੰਗਵਾਏ ਜਾਂਦੇ ਹਨ।

Opening Hours: 9 am to 9 pm (7Days Week)
PH:206-644-4010

# TEAM ARMY

## REAL ESTATE

Specialties:Buyers's Agent
Listing Agent-Short Sale
*RESIDENTIAL *COMMERCIAL
ਕਿਸੇ ਵੀ ਤਰ੍ਹਾਂ ਦੀ ਕਮਰਸ਼ੀਅਲ ਜਾਂ ਰੈਜੀਡੈਂਸ਼ੀਅਲ ਪ੍ਰਾਪਰਟੀ ਖਰੀਦਣ ਜਾਂ ਵੇਚਣ ਲਈ ਹਮੇਸ਼ਾਂ ਯਾਦ ਰੱਖੋ।

Maj Parminder (Pari) Mann
Ex Indian Army
SKYLINE PROPERTIES, INC
Cell:425-499-9704
email:parimann@gmail.com



## MORTGAGE

Specialties:Loan Specialist
Many Financing Options Available
*RESIDENTIAL *COMMERCIAL
ਕਿਸੇ ਵੀ ਤਰ੍ਹਾਂ ਦੀ ਕਮਰਸ਼ੀਅਲ ਜਾਂ ਰੈਜੀਡੈਂਸ਼ੀਅਲ ਪ੍ਰਾਪਰਟੀ ਖਰੀਦਣ ਜਾਂ ਰੀਫਾਇਨੈਂਸਿੰਗ ਲਈ ਕਿਸੇ ਵੀ ਤਰ੍ਹਾਂ ਦੀ ਮੌਰਗੇਜ ਲੈਣ ਲਈ ਯਾਦ ਰੱਖੋ



Col Navtej Nijjar
NMLS 1484258
LA Financial Services
Cell:206-334-4035
email:nijjar.n@gmail.com

AUBURN'S MAIN SUPERMARKET
INDIAN GROCERIES-LIQUOR-WINE
1119E Main St. Auburn, WA 98002
Store hours: Mon-Sat: 8:00 AM - 10:00 PM Sun: 8:00 AM - 9:00 PM
Lowest Prices in Town WIDE VARIETY OF FROZEN FOOD
When you spend $50 or more,get 5% discount
When you spend $100 or more,get 10% discount Discount only apply to Indian Grocery
Fresh Sugarcane Juice
Natural Energy Drink Refresh Your Power
PANI PURI
Fresh Smoothies
FREE PANI-PURI FRI-SUN (12PM 5PM) ONLY 4 Pani Puri/CUSTOMER
ALL KINDS OF HOUSEHOLD UTENSILS (BARTAN) AVAILABLE
BLANKETS ARE ALSO AVAILABILE IN KING, QUEEN, TWIN SIZES
Fresh SugarCane Juice Everyday
Ph:253-249-7430, Cell:253-205-9981
www.auburnsmainsupermarket.com *All prices are marked down

ਗਰੇਟਰ ਸਿਆਟਲ ਏਰੀਏ ਵਿਚ ਕਿਸੇ ਵੀ ਤਰਾਂ ਦੀ ਰੈਜ਼ੀਡੈਂਸ਼ੀਅਲ ਜਾਂ ਕਮਰਸ਼ੀਅਲ ਪ੍ਰਾਪਰਟੀ ਖਰੀਦਣ ਜਾਂ ਵੇਚਣ ਲਈ ਸਾਡੇ ਨਾਲ ਸੰਪਰਕ ਕਰੋ।
DULAY HOMES
For Residential/ Commercial
• Short Sale
• Foreclosed
• Bank owned
• Hotels/Motels
• Gas Stations
• Vacant Lands
Sukhwant Kaur
206-432-0561
homesbysukhwant@gmail.com
ਭਰੋਸੇਯੋਗ ਸੇਵਾਵਾਂ
ਸਾਡੇ ਲੋਨ ਅਫਸਰ ਤੁਹਾਡੀ ਲੋਨ ਲੈਣ ਵਿਚ ਪੂਰੀ ਮੱਦਦ ਕਰਨਗੇ
Ramanjot Singh
206-503-9880
ramanjot@dulayhomes.com

COMING SOON
GROCERY SINGH
We Accept EBT Benefits SNAP
LIQUOR - WINE BEER AVAILABLE
ਵਾਸ਼ਿੰਗਟਨ ਦਾ ਸਭ ਤੋਂ ਵੱਡਾ ਇੰਡੀਅਨ ਗਰੌਸਰੀ ਸਟੋਰ
ਇਥੋਂ ਤੁਸੀਂ ਹਰ ਤਰ੍ਹਾਂ ਦੀ ਇੰਡੀਅਨ, ਨੇਪਾਲੀ, ਫਿਜੀ, ਮਿਡਲ ਈਸਟਰਨ, ਏਸ਼ੀਅਨ ਗਰੌਸਰੀ ਲੈ ਸਕਦੇ ਹੋ
ਇੱਥੇ ਫਰੈੱਸ਼ ਪ੍ਰੋਡਿਊਸ, ਮੀਟ, ਮਠਿਆਈਆਂ ਤੇ ਹੋਰ ਬਹੁਤ ਕੁਝ ਉਪਲਬਧ ਹੈ
HIRING
ਸਾਨੂੰ ਕੰਮ ਕਰਨ ਲਈ ਵਰਕਰਾਂ ਦੀ ਲੋੜ ਹੈ
1825 BROADWAY, EVERETT WA 98201
425-374-7550 / 206-786-0870

HG TAX AND ACCOUNTING
25228 104th AVE SE Suite 103 Kent, WA 98030
IT'S TIME TO SAVE ON YOUR TAXES
OPEN M-F: 10 AM to 6 PM
SAT: 11 AM to 4 PM
SUN: By Appointment
Harpreet Singh, J.D. (253) 202-4516

JAG'S PIZZA
ਇੰਡੀਅਨ ਸਟਾਈਲ ਪੀਜ਼ਾ ਮੈਰਿਸਵੈੱਲ ਵਿਚ
ਜਿੱਥੇ ਤੁਹਾਡੇ ਸਵਾਦ ਅਨੁਸਾਰ ਵਧੀਆ ਅਦਰਕ ਧਨੀਆ ਵਾਲੇ ਮਸਾਲੇਦਾਰ ਤੰਦੂਰੀ ਚਿਕਨ, ਬਟਰ ਚਿਕਨ, ਕੜਾਹੀ ਚਿਕਨ, ਸ਼ਾਹੀ ਪਨੀਰ, ਤੰਦੂਰੀ ਪਨੀਰ, ਕੜਾਹੀ ਪਨੀਰ ਅਤੇ ਹਰ ਤਰ੍ਹਾਂ ਦੇ ਵੈਜੀਟੇਰੀਅਨ ਪੀਜ਼ੇ ਬਣਾਏ ਜਾਂਦੇ ਹਨ
PH:360-386-9508
5830 B, Grove St, Marysville, WA
(Inside Shell Gas Station Plaza)
www.jagspizza.com
OPEN 7 DAYS A WEEK SUNDAY TO THURSDAY:11AM TO 10PM
FRIDAY & SATURDAY:11AM TO 11.30PM

Ready to grow your business?
Count on us for solutions.
Gifty Singh
Bellevue
400 112th Ave NE
206-909-5226
BANNER BANK
bannerbank.com Member FDIC

PUNJAB GROCERY
5108-EVERGREEN WAY SUITE 1B, EVERETT, WA 98203
Bussiness Hours: Mon to Sat 10 a.m to 9 p.m Sun 10am-8pm
ਤਾਜ਼ੀਆਂ ਸਬਜ਼ੀਆਂ, ਫਲ ਫਰੂਟ ਅਤੇ ਭਾਰਤੀ ਗਰੌਸਰੀ ਦਾ ਸਟੋਰ
ਤੁਸੀਂ ਇਥੋਂ ਤਾਜਾ ਮਠਿਆਈਆਂ ਵੀ ਲੈ ਸਕਦੇ ਹੋ
ਇਥੋਂ Organic ਦਾਲਾਂ ਤੇ ਮਸਾਲੇ ਖਰੀਦੋ
$5 Off every $150 Purchase
Online ਗਰੌਸਰੀ ਸ਼ਾਪਿੰਗ ਲਈ www.punjabgrocerymarket.com ਤੇ ਜਾਉ ਅਸੀਂ Same Day ਡਿਲਿਵਰੀ ਕਰਦੇ ਹਾਂ
instagram@punjabgrocerymarket
Facebook@punjabgrocerymarket
PH:425-970-0097
ਅਸੀਂ ਡੈਬਟ, ਕਰੈਡਿਟ, ਮਾਸਟਰ, ਈ ਬੀ ਟੀ ਕਾਰਡ ਅਤੇ ਫੂਡ ਸਟੈਂਪਸ ਵੀ ਲੈਂਦੇ ਹਾਂ
We acccept All Major Debit, Cr, EBT Card & Food Stamps

WEST CAPITAL LENDING
YOUR PREFFERRED LOCAL LENDER
• ਪੰਜਾਬੀ ਕਮਿਊਨਿਟੀ ਲਈ ਬੇਹਤਰ ਸੇਵਾਵਾਂ
• ਪਹਿਲੀ ਵਾਰ ਘਰ ਖਰੀਦਣ ਵਾਲਿਆਂ ਲਈ ਮੱਦਦ
• ਗੈਸ ਸਟੇਸ਼ਨ, ਹੋਟਲ, ਮੋਟਲ, ਰੈਸਟੋਰੈਂਟਾ ਤੇ ਹੋਰ ਛੋਟੇ ਬਿਜ਼ਨਸਾਂ ਲਈ ਵੀ ਅਸੀਂ ਮੌਰਗੇਜ ਦਾ ਪ੍ਰਬੰਧ ਕਰਦੇ ਹਾਂ
·CONVENTIONAL ·FHA ·VA Loans ·30YR/15YR/10YR FIXED ·DSCR
·P&L ·30 DAY SOFR ARM ·1099 PROGRAM ·7/6 SOFR ARMS
·LOT/CUSTOM CONSTRUCTION LOAN AVAILABLE
·24/12 BANK STATEMENT LOANS
ਮੌਰਗੇਜ ਸੰਬੰਧੀ ਕਿਸੇ ਵੀ ਤਰ੍ਹਾਂ ਦੀ ਮੱਦਦ ਜਾਂ ਜਾਣਕਾਰੀ ਲੈਣ ਲਈ ਮੇਰੇ ਨਾਲ ਸੰਪਰਕ ਕਰੋ
ਘੱਟ ਰੇਟਾਂ ਦੀ ਗਰੰਟੀ
KESSHAV SHARMA
BRANCH MANAGER
WEST CAPITAL LENDING
Call/text (425) 239-4517
ksharma@westcapitallending.com
westcapitallending.com
NMLS# 2468293 | NMLS# 1566096 | DRE# 02022356
24 Executive Park, Ste 250 Irvine, CA 92614

Since 1994
KK MARKET
INDIAN GROCERY STORE
FRESH AND HEALTHY FOOD
Now Open
100% FRESH
We provide complete and fresh daily necessities for you so visit our store
(Indian ,Pakistani , Nepali , Fiji Groceries Are available)
ਫਿਰ ਦੋਬਾਰਾ ਤੋਂ ਓਪਨ ਹੋ ਗਯਾ ਤੁਹਾਡਾ ਆਪਣਾ ਗਰੋਸਰੀ ਸਟੋਰ
फिर से खुल चुका है आपका अपना ग्रोसीरी स्टोर
23805 104th Ave Se KENT , WA